# ਕੈਨੇਡਾ ਦਰਪਣ

ਅਪ੍ਰੈਲ 10, 1987

**April 10, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ Weekending April 10,1987.Vol.6 No.13 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਸਿੱਧੂ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ

# ਤਿੰਨ ਅਪਰੈਲ ਨੂੰ ਹੋਏਗੀ

ਨਿਊ ਵੈਸਟਮਿਨਸਟਰ:—ਪੰਜਾਬ ਦੇ ਮੰਤਰੀ ਮਲਕੀਤ ਸਿਘ ਸਿੱਧੂ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ 'ਚ ਦੋਸ਼ੀ ਪਾਏ ਗਏ ਚਾਰ ਵਿਅਕਤੀਆਂ ਨੂੰ ਸਜ਼ਾ 3 ਅਪਰੈਲ ਨੂੰ ਸੁਣਾਈ ਜਾਏਗੀ।



ਬੀਤੇ ਸ਼ੁਕਰਵਾਰ ਪ੍ਰੋਸੀਕਿਊਟਰ ਨੇ ਅਦਾਲਤ ਤੋਂ ਮੰਗ ਕੀਤੀ ਕਿ ਰਾਜਨੀਤਕ ਕਾਰਨਾਂ ਕਰਕੇ ਕਤਲ ਦੀ ਇਸ ਕੋਸ਼ਿਸ਼ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿਤੀ ਜਾਵੇ ਤਾਂ ਜੋ ਕੈਨੇਡਾ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੇ ਤਸ਼ੱਦਦ ਦੀਆਂ ਸੀਮਤ ਘਟਨਾਵਾਂ ਬੰਦ ਹੋ ਸਕਣ। ਜਿਮ ਟੇਲਰ ਨੇ ਕਿਹਾ ਕਿ ਸਖਤ ਜ਼ਾ ਦੇਣ ਨਾਲ ਹੀ ਇਸ ਤਰ੍ਹਾਂ ਦੇ ਕੰਮ ਕਰਨ ਵਾਲਿਆਂ ਨੂੰ ਰੋਕਿਆ ਜਾ ਸਕਦਾ ਹੈ। ਉਸਨੇ ਜਸਪਾਲ ਸਿੰਘ ਅਟਵਾਲ, ਜਸਵੀਰ ਸਿੰਘ ਅਟਵਾਲ, ਸੁਖਦਿਆਲ ਸਿੰਘ ਗਿੱਲ ਅਤੇ ਅਮਰਜੀਤ ਸਿੰਘ ਢੀਂਡਸਾ ਲਈ ਸਖਤ ਸਜ਼ਾ ਦੀ ਮੰਗ ਕੀਤੀ 'ਤੇ ਕਤਲ ਕਰਲ ਦੀ ਕੋਸ਼ਿਸ਼ ਦਾ ਕੇਸ ਚਲਾਇਆ ਗਿਆ ਸੀ। ਅਦਾਲਤ ਪਹਿਲਾਂ ਹੀ ਉਨ੍ਹਾਂ ਨੂੰ ਦੋਸ਼ੀ ਕਰਾਰ ਦੇ ਚੁੱਕੀ ਹੈ।

ਟੇਲਰ ਨੇ ਮਾਨਯੋਗ ਜੱਜ ਨੂੰ ਦੱਸਿਆ ਕਿ ਕੈਨੇਡਾ ਦੇ ਚੰਗੇ ਭਾਗਾਂ ਕਰਕੇ ਸਾਡਾ ਦੇਸ਼ ਆਮ ਤੌਰ 'ਤੇ ਰਾਜਨੀਤਕ ਅੱਤਵਾਦ ਤੋਂ ਮੁਕਤ ਹੀ ਹੈ ਪਰ ਜੋ ਘਟਨਾਵਾਂ ਵਾਪਰਦੀਆਂ ਹਨ ਉਹ ਬਾਹਰਲੇ ਮੁਲਕਾਂ ਦਾ ਤਸ਼ੱਦਦ ਇਮਪੋਰਟ ਕਰਨ ਦੀ ਕਾਰਵਾਈ ਹੈ ਅਤੇ ਇਸਨੂੰ ਠੱਲ ਪਾਉਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਸਖਤ ਸਜ਼ਾ ਦਿਤੀ ਜਾਵੇ।

### ਦੋ ਗਰੰਥੀਆਂ ਸਮੇਤ ਛੇ ਕਤਲ

## ਹਰਮਿੰਦਰ ਸਾਹਿਬ ਅਹਾਤੇ 'ਚੋਂ ਲਾਸ਼ ਮਿਲੀ

ਚੰਡੀਗੜ੍ਹ:—ਪੰਜਾਬ 'ਚ 26 ਮਾਰਚ ਨੂੰ ਵਾਪਰੀਆਂ ਵੱਖ ਵੱਖ ਹਿੰਸਕ ਘਟਨਾਵਾਂ 'ਚ 6 ਵਿਅਕਤੀ ਕਤਲ ਕਰ ਦਿਤੇ ਗਏ ਅਤੇ ਪੁਲੀਸ ਨੇ 21 ਬੰਦਿਆਂ ਨੂੰ ਗ੍ਰਿਫਤਾਰ ਕੀਤਾ ਜੋ ਲੁੱਟਮਾਰ ਦੇ ਕੇਸਾਂ 'ਚ ਲੁੜੀਂਦੇ ਸਨ।

ਇਸ ਦਿਨ ਪਹਿਲੀ ਘਟਨਾ ਜਲੰਧਰ ਦੇ ਇਕ ਗੁਰਦਵਾਰੇ 'ਚ ਵਾਪਰੀ ਜਿਥੇ ਹਮਲਾਵਰਾਂ ਨੇ 2 ਗਰੰਥੀਆਂ ਨੂੰ ਕਤਲ ਕਰ ਦਿਤਾ। ਇਕ ਹੋਰ ਸਕੂਟਰ ਸਵਾਰ ਨੂੰ ਗੋਲੀ ਮਾਰ ਦਿਤੀ ਗਈ। ਇਹ ਸਕੂਟਰ ਸਵਾਰ ਆਪਣੀ ਪਤਨੀ ਅਤੇ ਇਕ ਬੱਚੇ ਨਾਲ ਲੁਧਿਆਣੇ ਜਾ ਰਿਹਾ ਸੀ। ਮ੍ਰਿਤਕ ਦੀ ਪਤਨੀ ਅਤੇ ਬੱਚਾ ਬਚ ਗਏ।

ਹਰਮਿੰਦਰ ਸਾਹਿਬ ਦੇ ਅਹਾਤੇ 'ਚੋਂ ਇਕ ਲਾਸ਼ ਵੀ ਮਿਲੀ। ਪੁਲੀਸ ਦਾ ਵਿਚਾਰ ਹੈ ਕਿ ਇਸ ਵਿਅਕਤੀ ਨੂੰ ਫੈਡਰੇਸ਼ਨ ਦੇ ਵਰਕਰਾਂ ਨੇ ਮਾਰਿਆ ਹੈ।

ਇਕ ਹੋਰ ਅੱਤਵਾਦੀ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਪੁਲੀਸ ਨੇ ਲੁੱਟਮਾਰ ਦੇ ਦੋਸ਼ਾਂ 'ਚ ਲੁੜੀਂਦੇ 21 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਵੀ ਕੀਤਾ ਹੈ।

---

ਜਸਪਾਲ ਸਿੰਘ ਅਟਵਾਲ ਦੇ ਵਕੀਲ ਡੇਵਿਡ ਮਿਥਨਜ਼ ਨੇ ਇਸ ਗੱਲ ਨੂੰ ਗਲਤ ਦੱਸਿਆ ਕਿ ਸਿੱਧੂ 'ਤੇ ਹਮਲਾ ਰਾਜਨੀਤਕ ਕਾਰਨਾਂ ਤੋਂ ਪ੍ਰੇਰਤ ਸੀ। ਉਸਨੇ ਕਿਹਾ ਕਿ ਇਸਦੀ ਕੋਈ ਸਿੱਧੀ ਉਦਾਹਰਣਾਂ ਮਿਲਦੀ। ਡੇਵਿਡ ਨੇ ਜੱਜ ਨੂੰ ਬੇਨਤੀ ਕੀਤੀ ਕਿ ਇਸ ਗੋਲੀ ਕਾਂਡ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਆਮ ਕੇਸ ਵਾਂਗ ਹੀ ਦੇਖਿਆ ਜਾਵੇ ਜਿਸ ਅਧੀਨ ਦੋਸ਼ੀਆਂ ਨੂੰ 4 ਤੋਂ ਲੈ ਕੇ 6 ਸਾਲ ਤੱਕ ਦੀ ਸਜ਼ਾ ਦੇਣੀ ਬਣਦੀ ਹੈ।

ਗਿੱਲ ਅਤੇ ਢੀਂਡਸਾ ਦੇ ਸਫਾਈ ਵਕੀਲ ਜੈਫ ਗਰੀਨ ਨੇ ਅਦਾਲਤ ਨੂੰ ਦਸਿਆ ਕਿ ਉਸਦੇ ਕਲਾਈਂਟ ਸਿੱਖ ਭਾਈਚਾਰੇ ਦੇ ਮਾਨਯੋਗ ਮੈਂਬਰ ਹਨ ਅਤੇ ਉਹ ਸਮਰਪਿਤ ਇਨਕਲਾਬੀ ਨਹੀਂ ਹਨ। ਉਹ ਤਾਂ ਸਿਰਫ ਗੁੰਮਰਾਹ ਹੋ ਗਏ ਸਨ।ਭਾਰਤੀ ਅਧਿਕਾਰੀ ਮਿਆਦ .ਭਾਰਤੀ ਅਧਿਕਾਰੀ ਮਿਆਦ ਪੁਗਣ 'ਤੇ ਵਾਪਸ ਗਏ

ਉਧਰ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਤਿਆਰ ਕੀਤੀ ਗਈ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਪੰਜਾਬ 'ਚ ਹਾਲਤ ਸੁਧਰੀ ਹੈ। ਰਿਪੋਰਟ 'ਚ ਅਕਤੂਬਰ ਤੋਂ ਲੈ ਕੇ ਮਾਰਚ ਅੱਧ ਤੱਕ ਕਤਲਾਂ ਦਾ ਵੇਰਵਾ ਵੀ ਦਿਤਾ ਗਿਆ ਹੈ। ਇਹ ਗਿਣਤੀ 600 ਦੱਸੀ ਗਈ ਹੈ।

## ਅਕਾਲੀ ਇਸਤਰੀ ਨੇਤਾ ਕਤਲ

ਚੰਡੀਗੜ੍ਹ:—ਬੀਤੇ 28 ਮਾਰਚ ਨੂੰ ਅਕਾਲੀ ਇਸਤਰੀ ਨੇਤਾ ਮਨਜੀਤ ਕੌਰ ਨੂੰ ਕਤਲ ਕਰ ਦਿਤਾ ਗਿਆ। ਹਮਲਾਵਰਾਂ ਨੇ ਅਕਾਲੀ ਨੇਤਾ ਨੂੰ ਗੋਲੀ ਬਠਿੰਡਾ 'ਚ ਸਥਿਤ ਉਹਦੇ ਘਰ ਵਿਚ ਮਾਰੀ। ਪੁਲੀਸ ਅਨੁਸਾਰ ਮਨਜੀਤ ਕੌਰ ਦਾ ਪਤੀ ਲਾਪਤਾ ਹੈ।

ਅੰਮ੍ਰਿਤਸਰ ਦੇ ਨਜ਼ਦੀਕ ਦੋ ਅੱਤਵਾਦੀ ਵੀ ਪੁਲੀਸ ਗੋਲੀ ਦਾ ਸ਼ਿਕਾਰ ਹੋ ਗਏ। 7 ਵਿਅਕਤੀ ਪਾਕਿਸਤਾਨ ਬਾਰਡਰ 'ਤੇ ਪੁਲੀਸ ਮੁਕਾਬਲੇ 'ਚ ਮਾਰੇ ਗਏ। ਪੁਲੀਸ ਅਨੁਸਾਰ ਇਹ ਵਿਅਕਤੀ ਰਾਤ ਦੇ ਸਮੇਂ ਬਾਰਡਰ ਟੱਪਣ ਦੀ ਕੋਸ਼ਿਸ਼ ਕਰ ਰਹੇ ਸਨ। ਬੀ.ਐਸ.ਐਫ. ਦੇ ਜਵਾਨਾਂ ਨੇ ਜਦ ਲਲਕਾਰਿਆ ਤਾਂ ਇਨ੍ਹਾਂ ਨੇ ਗੋਲੀ ਚਲਾ ਦਿਤੀ। 7 ਵਿਅਕਤੀ ਹਲਾਕ ਹੋ ਗਏ ਅਤੇ ਬਾਕੀ ਨੱਠਣ ਵਿਚ ਸਫਲ ਹੋ ਗਏ।

### ਕੈਨੇਡੀਅਨ ਵਫਦ ਅੰਮ੍ਰਿਤਸਰ 'ਚ

ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਦਾ ਡੈਲੀਗੇਸ਼ਨ ਅੰਮ੍ਰਿਤਸਰ ਵਿਚ ਸਿੱਖ ਆਗੂਆਂ ਨੂੰ ਮਿਲਿਆ। ਡੈਲੀਗੇਸ਼ਨ ਨੇ ਕਿਹਾ ਕਿ ਪੰਜਾਬ ਮਸਲਾ ਭਾਰਤ ਦਾ ਅੰਦਰੂਨੀ ਮਾਮਲਾ ਹੈ।



ਏ. ਸੀ. ਜਿਊਲਰਜ਼

9373 - 120 St. Delta, B.C.

PH. 588-5808



ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

### ਮੱਤਭੇਦ ਖਤਮ ਕਰਨ ਲਈ

## ਰਾਜੀਵ—ਜ਼ੈਲ ਸਿੰਘ ਨੂੰ ਮਿਲਿਆ

ਨਵੀਂ ਦਿੱਲੀ:—ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਾਸ਼ਟਰਪਤੀ ਜ਼ੈਲ ਸਿੰਘ ਨਾਲ ਮੁਲਾਕਾਤ ਕੀਤੀ ਹੈ। ਮੁਲਾਕਾਤ ਦਾ ਮੰਤਵ ਦੋਹਾਂ ਲੀਡਰਾਂ ਵਿਚਕਾਰ ਪੈਦਾ ਹੋਏ ਤਨਾਓ ਨੂੰ ਖਤਮ ਕਰਨਾ ਦੱਸਿਆ ਗਿਆ ਹੈ।

ਇਹ ਮੀਟਿੰਗ ਕੋਈ ਦੋ ਘੰਟੇ ਤੋਂ ਵੀ ਜ਼ਿਆਦਾ ਸਮੇਂ ਲਈ ਚਲੀ। ਇਹ ਵਰਨਣ ਯੋਗ ਹੈ ਕਿ ਦੋਹਾਂ ਲੀਡਰਾਂ ਵਿਚਕਾਰ ਮੱਤਭੇਦ ਕਾਫੀ ਚਿਰਾਂ ਤੋਂ ਚਲੇ ਆ ਰਹੇ ਹਨ। ਪਿਛਲੇ ਮਹੀਨੇ ਇਹ ਉਭਰ ਕੇ ਸਾਹਮਣੇ ਆਏ ਜਦੋਂ ਰਾਸ਼ਟਰਪਤੀ ਜ਼ੈਲ ਸਿੰਘ ਨੇ ਰਾਜੀਵ ਦੇ ਨਾਂ ਇਕ ਚਿੱਠੀ ਵਿਚ ਝੂਠ ਬੋਲਣ ਦਾ ਦੋਸ਼ ਲਾਇਆ। ਇਹ ਚਿੱਠੀ ਇੰਡੀਅਨ ਐਕਸਪ੍ਰੈਸ ਅਖਬਾਰ ਵਿਚ ਛਪੀ ਅਤੇ ਇਸ 'ਤੇ ਕਾਫੀ ਚਰਚਾ ਹੋਈ।

ਇਸ ਲੰਮੀ ਮੀਟਿੰਗ ਤੋਂ ਬਾਅਦ ਦੋਹਾਂ ਲੀਡਰਾਂ ਵਲੋਂ ਕੋਈ ਬਿਆਨ ਨਹੀਂ ਜਾਰੀ ਕੀਤਾ ਗਿਆ। ਖਬਰਾਂ 'ਚ ਕਿਹਾ ਗਿਆ ਹੈ ਕਿ ਜਦ ਉਹ ਬਾਹਰ ਨਿਕਲੇ ਤਾਂ ਮੁਸਕਰਾ ਰਹੇ ਸਨ। ਰਾਜੀਵ ਗਾਂਧੀ ਨੇ ਇਸ ਮੁਲਾਕਾਤ ਬਾਰੇ ਪੱਤਰਕਾਰਾਂ ਨੂੰ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿਤਾ।



## ਮੁਸਲਮਾਨਾਂ ਵਲੋਂ ਦਿੱਲੀ 'ਚ ਭਾਰੀ ਰੈਲੀ

ਨਵੀਂ ਦਿੱਲੀ:—ਬੀਤੇ 30 ਮਾਰਚ ਨੂੰ ਦਿੱਲੀ 'ਚ ਮੁਸਲਮਾਨਾਂ ਨੇ ਭਾਰੀ ਰੈਲੀ ਕੀਤੀ ਜਿਸ ਵਿਚ ਦੋ ਲੱਖ ਤੋਂ ਵੀ ਜ਼ਿਆਦਾ ਵਿਅਕਤੀਆਂ ਨੇ ਹਿੱਸਾ ਲਿਆ।

ਉਹ ਅਯੁਧਿਆ ਦੇ ਇਕ ਧਾਰਮਿਕ ਅਸਥਾਨ ਦੇ ਮਸਲੇ ਨੂੰ ਲੈ ਕੇ ਮੁਜ਼ਾਹਰਾ ਕਰ ਰਹੇ ਸਨ। ਯੂ.ਪੀ. ਦੇ ਸ਼ਹਿਰ ਅਯੁਧਿਆ 'ਚ ਇਕ ਧਾਰਮਿਕ ਅਸਥਾਨ ਦੇ ਸਬੰਧ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਪਿਛਲੇ ਕਈ ਸਾਲਾਂ ਤੋਂ ਮੱਤਭੇਦ ਚਲ ਰਹੇ ਹਨ। ਸਰਕਾਰ ਨੇ 36 ਸਾਲ ਪਹਿਲਾਂ ਇਸਨੂੰ ਦੋਹਾਂ ਫਿਰਕਿਆਂ ਲਈ ਬੰਦ ਕਰ ਦਿਤਾ ਸੀ। ਹਿੰਦੂ ਇਸਨੂੰ ਆਪਣੇ ਗੁਰੂਆਂ ਨਾਲ ਜੋੜਦੇ ਹਨ ਜਦਕਿ ਮੁਸਲਮਾਨਾਂ ਦਾ ਵਿਚਾਰ ਹੈ ਕਿ ਇਹ ਧਾਰਮਿਕ ਅਸਥਾਨ ਇਕ ਮੁਸਲਮਾਨ ਫਕੀਰ ਨਾਲ ਸਬੰਧਤ ਹੈ। ਪਿਛਲੇ ਸਾਲ ਸਰਕਾਰ ਨੇ ਫਿਰਕੂ ਜਹਿਨੀਅਤ ਦਾ ਪ੍ਰਗਟਾਵਾ ਕਰਦੇ ਹੋਏ ਇਹ ਅਸਥਾਨ ਹਿੰਦੂਆਂ ਦੇ ਸਪੁਰਦ ਕਰ ਦਿਤਾ।

ਮੁਸਲਮਾਨ ਸਰਕਾਰ ਦੀ ਇਸ ਕਾਰਵਾਈ ਤੋਂ ਗੁੱਸੇ ਹਨ ਅਤੇ ਇਸ ਸਬੰਧ ਵਿਚ ਹੀ ਉਨ੍ਹਾਂ ਦਿੱਲੀ 'ਚ ਭਾਰੀ ਰੈਲੀ ਕੀਤੀ।

### ਬੰਦੂਕਧਾਰੀਆਂ ਨੇ ਪੁਲੀਸ ਵੈਨ 'ਤੇ ਹਮਲਾ ਕਰਕੇ

## ਹਰਜਿੰਦਰ ਜਿੰਦਾ ਨੂੰ ਛੁਡਾ ਲਿਆ

ਨਾਭਾ:—ਮਸ਼ਹੂਰ ਅੱਤਵਾਦੀ ਹਰਜਿੰਦਰ ਸਿੰਘ ਜਿੰਦਾ ਨੂੰ ਲਿਜਾ ਰਹੀ ਪੁਲੀਸ ਵੈਨ 'ਤੇ ਬੰਦੂਕਧਾਰੀਆਂ ਨੇ ਹਮਲਾ ਕਰਕੇ ਜਿੰਦਾ ਨੂੰ ਛੁਡਾ ਲਿਆ ਅਤੇ ਫਰਾਰ ਹੋ ਗਏ।

ਪੁਲੀਸ ਸੂਤਰਾਂ ਅਨੁਸਾਰ 30 ਮਾਰਚ ਨੂੰ ਇਸ ਮਸ਼ਹੂਰ ਅੱਤਵਾਦੀ ਨੂੰ ਪੁਲੀਸ ਗਾਰਦ ਦੇ ਪਹਿਰੇ ਹੇਠ ਨਾਭਾ ਜੇਲ੍ਹ 'ਚ ਲਿਜਾਇਆ ਜਾ ਰਿਹਾ ਸੀ। ਲੱਗਭੱਗ 20 ਹਥਿਆਰਬੰਦ ਵਿਅਕਤੀਆਂ ਨੇ ਵੈਨ 'ਤੇ ਹਮਲਾ ਕਰਕੇ ਹਰਜਿੰਦਰ ਜਿੰਦਾ ਨੂੰ ਛੁਡਾ ਲਿਆ।

ਹਰਜਿੰਦਰ ਸਿੰਘ ਜਿੰਦਾ ਦੇ ਖਿਲਾਫ ਪੁਲੀਸ ਨੇ ਕਈ ਕੇਸ ਦਰਜ ਕੀਤੇ ਹੋਏ ਸਨ। ਮੁਕਤਸਰ ਬੱਸ ਕਤਲ ਕਾਂਡ ਵਿਚ ਵੀ ਉਹ ਸ਼ਾਮਲ ਦਸਿਆ ਜਾਂਦਾ ਹੈ। ਫਰਾਰ ਹੋਣ ਦੀ ਇਸ ਕਾਰਵਾਈ ਤੋਂ ਬਾਅਦ ਪੁਲੀਸ ਨੇ ਇਲਾਕੇ ਨੂੰ ਘੇਰਾ ਪਾ ਲਿਆ। ਪੁਲੀਸ ਪਾਰਟੀ ਅਤੇ ਅੱਤਵਾਦੀਆਂ ਦੀ ਟੋਲੀ ਵਿਚਕਾਰ ਹੋਈ ਇਸ ਝੜਪ 'ਚ ਪੁਲੀਸ ਨੇ ਕਿਸੇ ਦੇ ਜ਼ਖਮੀ ਜਾਂ ਮਰਨ ਦੀ ਖਬਰ ਨਹੀਂ ਦਿਤੀ।

## ਅਫਗਾਨੀ ਜ਼ਹਾਜ਼ ਸੁਟਿਆ

ਇਸਲਾਮਾਬਾਦ:—ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਉਸਦੇ ਜੈਟ ਫਾਈਟਰਾਂ ਨੇ ਅਫਗਾਨਿਸਤਾਨ ਦਾ ਇਕ ਲੜਾਕੂ ਹਵਾਈ ਜ਼ਹਾਜ਼ ਮਾਰ ਗਿਰਾਇਆ ਸੀ।

ਪਾਕਿਸਤਾਨੀ ਅਧਿਕਾਰੀਆਂ ਅਨੁਸਾਰ ਇਹ ਲੜਾਕੂ ਹਵਾਈ ਜ਼ਹਾਜ਼ ਪਾਕਿਸਤਾਨ ਦੇ ਪਹਾੜੀ ਇਲਾਕੇ 'ਚ ਰਹਿ ਰਹੇ ਅਫਗਾਨ ਮੁਜਾਹਦੀਆਂ 'ਤੇ ਹਮਲਾ ਕਰਨ ਆਇਆ ਸੀ। ਪਹਿਲਾਂ ਹੀ ਅਜਿਹੇ ਹਵਾਈ ਹਮਲਿਆਂ 'ਚ 160 ਬੰਦੇ ਮਾਰੇ ਜਾ ਚੁੱਕੇ ਹਨ। ਅਫਗਾਨਿਸਤਾਨ ਦੇ ਅਧਿਕਾਰੀਆਂ ਨੇ ਜ਼ਹਾਜ਼ ਸੁੱਟਣ ਦੀ ਖਬਰ ਦਾ ਖੰਡਨ ਕੀਤਾ ਹੈ।

## ਲੋਕ ਦਲ ਵਲੋਂ ਧਮਕੀ

ਨਵੀਂ ਦਿੱਲੀ:—ਲੋਕ ਦਲ ਨੇ ਧਮਕੀ ਦਿਤੀ ਹੈ ਕਿ ਜੇ ਹਰਿਆਣਾ ਅਸੰਬਲੀ ਦੀਆਂ ਆਮ ਚੋਣਾਂ ਸਮੇਂ ਸਿਰ ਨਾ ਕਰਵਾਈਆਂ ਗਈਆਂ ਤਾਂ ਪਾਰਟੀ ਸਾਰੇ ਦੇਸ਼ ਵਿਚ ਅੰਦੋਲਨ ਸ਼ੁਰੂ ਕਰ ਦੇਵੇਗੀ।

ਇਹ ਚੋਣਾਂ ਜੂਨ ਦੇ ਮਹੀਨੇ ਹੋ ਰਹੀਆਂ ਹਨ। ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਪੱਛਮੀ ਬੰਗਾਲ ਅਤੇ ਕੇਰਲ 'ਚ ਹੋਈ ਕਾਂਗਰਸ ਦੀ ਭਾਰੀ ਹਾਰ ਤੋਂ ਘਬਰਾਕੇ ਕਾਂਗਰਸ ਹਰਿਆਣਾ 'ਚ ਚੋਣਾਂ ਕਰਾਉਣ ਦਾ ਖਿਆਲ ਤਿਆਗ ਸਕਦੀ ਹੈ।

ਯੂ.ਪੀ. ਅਸੰਬਲੀ ਦੀ ਇਕ ਸੀਟ 'ਤੇ ਹੋਈ ਉਪ ਚੋਣ 'ਚ ਵੀ ਕਾਂਗਰਸ ਹਾਰੀ ਹੈ ਜਿਸਤੋਂ ਲਗਦਾ ਹੈ ਕਿ ਉਤਰੀ ਭਾਰਤ 'ਚ ਵੀ ਪਾਰਟੀ ਦਾ ਭਵਿੱਖ ਸੁਰਿਖਅਤ ਨਹੀਂ ਹੈ। ਉਧਰ ਲੋਕ ਦਲ ਹਰਿਆਣੇ ਦੀਆਂ ਚੋਣਾਂ ਲਈ ਕਮਰਕੱਸੇ ਕੱਸੀ ਫਿਰਦਾ ਹੈ। ਪਾਰਟੀ ਦੇ ਲੀਡਰਾਂ ਦਾ ਵਿਚਾਰ ਹੈ ਕਿ ਦੋਹਾਂ ਰਾਜਾਂ 'ਚ ਕਾਂਗਰਸ ਦੀ ਹਾਰ ਤੋਂ ਬਾਅਦ ਹਰਿਆਣੇ ਦੀ ਲੋਕ ਰਾਇ ਨੂੰ ਵੀ ਲੋਕ ਦਲ ਦੇ ਹੱਕ 'ਚ ਭੁਗਤਾਇਆ ਜਾ ਸਕਦਾ ਹੈ।

## ਐਟਮ ਬੰਬ ਤਿਆਰ ਕਰਨ ਦੀ ਮੰਗ

ਜੰਮੂ:—ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਕਿਹਾ ਹੈ ਕਿ ਪਾਕਿਸਤਾਨ ਕੋਲ ਐਟਮ ਬੰਬ ਹੋਣ ਬਾਰੇ ਆਈਆਂ ਖਬਰਾਂ ਨੂੰ ਧਿਆਨ ਵਿਚ ਰੱਖਦਿਆਂ ਭਾਰਤ ਕੋਲ ਵੀ ਐਟਮ ਬੰਬ ਦੀ ਤਿਆਰੀ ਲਈ ਪੂਰਾ ਸਮਾਨ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਕੋਲ ਆਪਣੀ ਇਕ ਸੁਤੰਤਰ ਐਟਮੀ ਨੀਤੀ ਹੋਣੀ ਚਾਹੀਦੀ ਹੈ ਅਤੇ ਸਾਨੂੰ ਅਮਰੀਕਾ ਰਾਹੀਂ ਪਾਕਿਸਤਾਨ ਨੂੰ ਆਪਣਾ ਪਰੋਗਰਾਮ ਛੱਡਣ ਬਾਰੇ ਦਬਾਅ ਪਾਉਣ ਦਾ ਖਤਰਾ ਨਹੀਂ ਕਰਨਾ ਚਾਹੀਦਾ।

ਸ੍ਰੀ ਅਡਵਾਨੀ ਨੇ ਕਿਹਾ ਕਿ ਭਾਰਤ ਨੂੰ ਅਰੁਨਾਚਲ ਪ੍ਰਦੇਸ਼ ਵਿਚ ਚੀਨੀ ਘੁਸਪੈਠ ਦੇ ਮਸਲੇ ਨੂੰ ਉਨੀ ਗੰਭੀਰਤਾ ਨਾਲ ਨਹੀਂ ਲਿਆ ਜਿੰਨਾ ਪਾਕਿਸਤਾਨ ਵਲੋਂ ਸਰਹੱਦ ਉਤੇ ਫੌਜਾਂ ਜਮ੍ਹਾਂ ਕਰਨ ਦੇ ਮਸਲੇ ਨੂੰ ਲਿਆ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਥਿਤੀ ਬਹੁਤ ਹੀ ਭੈੜੀ ਹੋ ਗਈ ਹੈ


## ਫਾਰਮ ਵਿਚ ਕੰਮ ਕਰਨ ਵਾਲਿਆਂ ਦੀ ਲੋੜ

●ਸਟਰਾਅ ਬੇਰੀ, ਰਸ ਬੇਰੀ, ਬਰਾਕਲੀ, ਗੋਭੀ, ਸਪਰੋਟ ਆਦਿ ● ਕੰਮ ਜੂਨ ਤੋਂ ਨਵੰਬਰ ਤੱਕ ਚੱਲੇਗਾ

● ਰਿਹਾਇਸ਼ ਲਈ ਕੈਬਨਾਂ ਦਾ ਬੰਦੋਬਸਤ ਹੋਵੇਗਾ। ਕੈਬਨਾਂ ਦੀ ਬੁਕਿੰਗ ਹੁਣੇ ਕਰਵਾ ਲਵੋ।

ਕੰਮ ਤੇ ਆਉਣ ਜਾਣ ਲਈ ਟਰਾਂਸਪੋਰਟ ਦਾ ਵੀ ਪ੍ਰਬੰਧ ਹੈ

ਕੀਤੇ ਕੰਮ ਦੀਆਂ ਸਟੇਂਪਾਂ ਦਿੱਤੀਆਂ ਜਾਣਗੀਆਂ।

● ਬੱਸ ਅਤੇ ਟਰੱਕ ਡਰਾਈਵਰ ਦੀ ਵੀ ਲੋੜ ਹੈ

ਹੋਰ ਜਾਣਕਾਰੀ ਲਈ :

ਗੁਰਮੀਤ ਸਿੰਘ 856-7555 ਰਣਜੀਤ ਸਿੰਘ ਕੁਲਾਰ 525-3448

# Active Collision Repair Ltd.

7787 - 132 St., Surrey, B.C.

- Complete Body Repairs and Painting
- I.C.B.C. Claims
- Courtesy Cars
- Customised Vans and Cars

Open Mondays thru Saturdays



Harvey Mangat Tel: 596-2020

## 'ਭਾਰਤੀ ਅਧਿਕਾਰੀ ਮਿਆਦ ਪੁਗਣ 'ਤੇ ਵਾਪਸ ਗਏ'

# 'ਜਾਸੂਸੀ' ਦੇ ਦੋਸ਼ਾਂ ਦਾ ਖੰਡਨ

ਵੈਨਕੂਵਰ:—ਅਟਵਾ,ਟਰਾਂਟੋ ਅਤੇ ਵੈਨਕੂਵਰ 'ਚ ਸਥਿਤ ਭਾਰਤੀ ਕੌਂਸਲਰ ਦਫਤਰ ਦੇ ਅਧਿਕਾਰੀਆਂ ਨੇ ਇਨ੍ਹਾਂ ਖਬਰਾਂ ਦਾ ਸਖਤੀ ਨਾਲ ਖੰਡਨ ਕੀਤਾ ਹੈ,ਜਿਸ ਵਿਚ ਕਿਹਾ ਗਿਆ ਸੀ ਕਿ ਦੋ ਭਾਰਤੀ ਅਧਿਕਾਰੀਆਂ ਨੂੰ ਜਾਸੂਸੀ ਦੇ ਦੋਸ਼ ਵਿਚ ਕੈਨੇਡਾ ਤੋਂ ਵਾਪਸ ਭੇਜ ਦਿਤਾ ਗਿਆ ਹੈ।

ਟਰਾਂਟੋ ਤੋਂ ਛਪਣ ਵਾਲੇ ਇਕ ਅਖਬਾਰ ਨੇ ਖਬਰ ਛਾਪੀ ਸੀ ਕਿ ਵੈਨਕੂਵਰ ਅਤੇ ਟਰਾਂਟੋ ਦਫਤਰ ਦੇ ਦੋ ਅਧਿਕਾਰੀਆਂ ਨੇ ਸੀ.ਐਸ.ਆਈ.ਐਸ ਦੀ ਖੋਜ ਪੜਤਾਲ ਤੋਂ ਬਾਅਦ ਕੈਨੇਡਾ ਛੱਡ ਦਿਤਾ ਹੈ। ਇਕ ਸਿੱਖ ਗੁਰਦਵਾਰੇ ਦੇ ਪ੍ਰਧਾਨ ਨੇ ਵੀ ਦੋਸ਼ ਲਾਇਆ ਸੀ ਕਿ ਇਨ੍ਹਾਂ ਅਧਿਕਾਰੀਆਂ ਦੀ ਕੈਨੇਡਾ ਤੋਂ ਰਵਾਨਗੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਉਹ ਕੈਨੇਡਾ ਵਿਚ ਜਾਸੂਸੀ ਕਰ ਰਹੇ ਸਨ।

ਅਟਵਾ 'ਚ ਭਾਰਤੀ ਹਾਈ ਕਮਿਸ਼ਨਰ ਸੁਰਬੀਰਜੀਤ ਸਿੰਘ ਛੱਤਵਾਲ ਨੇ ਇਨ੍ਹਾਂ ਦੋਸ਼ਾਂ ਨੂੰ ਬਿਲਕੁਲ ਬੇਬੁਨਿਆਦ ਦੱਸਿਆ ਅਤੇ ਕਿਹਾ ਕਿ ਇਹ ਦੋ ਅਧਿਕਾਰੀ ਆਪਣੀ ਨਿਯੁਕਤੀ ਦਾ ਸਮਾਂ ਪੂਰਾ ਹੋ ਜਾਣ ਤੋਂ ਬਾਅਦ ਗਏ ਹਨ।

ਗੁਰਿੰਦਰ ਸਿੰਘ ਵੈਨਕੂਵਰ ਦਫਤਰ ਵਿਚ ਕੌਂਸਲਰ ਸਨ। ਜੂਨ 1984 ਵਿਚ ਮੌਜੂਦਾ ਕੌਂਸਲ ਜਨਰਲ ਜਗਦੀਸ਼ ਸ਼ਰਮਾ ਦੇ ਆਉਣ ਤੋਂ ਪਹਿਲਾਂ ਗੁਰਿੰਦਰ ਸਿੰਘ ਐਕਟਿੰਗ ਕੌਂਸਲ ਜਨਰਲ ਦੇ ਤੌਰ 'ਤੇ ਕੰਮ ਕਰਦੇ ਰਹੇ ਹਨ।

ਦੂਜੇ ਕੌਂਸਲ ਬਰਿਜ ਮੋਹਨ ਲਾਲ ਟਰਾਂਟੋ 'ਚ ਕੌਂਸਲ ਦੇ ਅਹੁਦੇ 'ਤੇ ਸਨ। ਭਾਰਤੀ ਹਾਈ ਕਮਿਸ਼ਨਰ ਛੱਤਵਾਲ ਨੇ ਕਿਹਾ ਕਿ ਉਹ ਰੂਟੀਨ 'ਚ ਇਥੋਂ ਗਏ ਹਨ। ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਆਉਂਦੇ ਡਿਪਲੋਮੇਟ ਨਿਸਚਿਤ ਸਮੇਂ ਲਈ ਆਉਂਦੇ ਹਨ ਅਤੇ ਸਮਾਂ ਮੁਕਣ 'ਤੇ ਵਾਪਸ ਚਲੇ ਜਾਂਦੇ ਹਨ।

ਇੰਡੀਅਨ ਹਾਈ ਕਮਿਸ਼ਨ ਟਰਾਂਟੋ ਦੇ ਬੁਲਾਰੇ ਸ਼ਸ਼ੀ ਤਿਰਪਾਠੀ ਅਨੁਸਾਰ ਮਿਸਟਰ ਗੁਰਿੰਦਰ ਸਿੰਘ ਨੇ ਆਪਣੇ ਤਿੰਨ ਸਾਲ ਦੇ ਸਮੇਂ ਤੋਂ ਜ਼ਿਆਦਾ ਕੰਮ ਕੀਤਾ ਹੈ ਅਤੇ ਮੋਹਨ ਲਾਲ ਵੀ ਆਪਸੀ ਮਿਆਦ ਪੁਗਣ 'ਤੇ ਵਾਪਸ ਗਏ ਹਨ।

ਵੈਨਕੂਵਰ 'ਚ ਕੌਂਸਲ ਜਨਰਲ ਜਗਦੀਸ਼ ਸ਼ਰਮਾ ਅਨੁਸਾਰ ਜਾਸੂਸੀ ਦੀਆਂ ਇਹ ਰਿਪੋਰਟਾਂ ਤੱਥਹੀਣ ਅਤੇ ਗੈਰਜ਼ੁੰਮੇਵਰਾਨਾ ਹਨ। ਇਹ ਲੋਕ ਇਹੋ ਜਿਹੀਆਂ ਗੱਲਾਂ ਫੈਲਾਕੇ ਗੁਰਿੰਦਰ ਸਿੰਘ ਦੇ ਰਿਸ਼ਤੇਦਾਰਾਂ ਲਈ ਪੰਜਾਬ ਵਿਚ ਮੁਸ਼ਕਲਾਂ ਖੜ੍ਹੀਆਂ ਕਰ ਰਹੇ ਹਨ। ਕੌਂਸਲ ਜਨਰਲ ਨੇ ਕਿਹਾ ਕਿ ਗੁਰਿੰਦਰ ਸਿੰਘ ਦੇ ਅਹੁਦੇ ਦੀ ਮਿਆਦ ਪਿਛਲੇ ਅਕਤੂਬਰ ਵਿਚ ਖਤਮ ਹੋ ਗਈ ਸੀ ਅਤੇ ਉਸਨੇ ਮਿਆਦ ਵਧਾਉਣ ਦੀ ਮੰਗ ਕੀਤੀ ਸੀ ਜੋ ਕਿ ਮਿਲ ਗਈ ਸੀ।

ਕੌਂਸਲ ਜਨਰਲ ਨੇ ਹੋਰ ਕਿਹਾ ਕਿ ਇਹ ਖਾਲਿਸਤਾਨੀ ਹਰ ਇਕ ਨੂੰ ਜਾਸੂਸ ਕਹਿੰਦੇ ਰਹੇ ਹਨ। ਮਿਸਟਰ ਸ਼ਰਮਾ ਨੇ ਐਡਮਿੰਟਨ ਤੋਂ ਨਿਕਲਦੇ ਇਕ ਖਾਲਿਸਤਾਨੀ ਪੇਪਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਨੇ ਲਿਖਿਆ ਸੀ ਕਿ ਭਾਰਤ ਸਰਕਾਰ ਨੇ ਕੈਨੇਡਾ 'ਚ 400 ਬੰਦਿਆਂ ਨੂੰ ਜਾਸੂਸੀ ਕਰਨ ਲਈ ਭੇਜਿਆ ਹੋਇਆ ਹੈ।

16 ਮਾਰਚ ਨੂੰ ਗੁਰਿੰਦਰ ਸਿੰਘ ਨੂੰ ਦਿਤੀ ਗਈ ਫੇਅਰਵੈੱਲ ਪਾਰਟੀ 'ਚ ਹਾਊਸ ਆਫ ਕਾਮਨਜ਼ ਦੇ ਸਪੀਕਰ ਜੌਹਨ ਫਰੇਜ਼ਰ ਵੀ ਸ਼ਾਮਲ ਹੋਏ ਸਨ। ਉਨ੍ਹਾਂ ਤੋਂ ਬਿਨਾਂ ਕੁਝ ਲੋਕਲ ਐਮ ਐਲ ਏ,ਅਤੇ ਕੁਝ ਮਾਡਰੇਟ ਸਿੱਖ ਲੀਡਰ ਵੀ ਪਾਰਟੀ 'ਚ ਸ਼ਾਮਲ ਸਨ। ਜੇ ਗੁਰਿੰਦਰ ਸਿੰਘ ਨੂੰ ਕੈਨੇਡਾ 'ਚੋਂ ਜਾਸੂਸੀ ਦੇ ਦੋਸ਼ ਵਿਚ ਬਾਹਰ ਕੱਢਿਆ ਗਿਆ ਹੁੰਦਾ ਤਾਂ ਕੈਨੇਡਾ ਸਰਕਾਰ ਦੇ ਅਧਿਕਾਰੀ ਇਸ ਵਿਚ ਸ਼ਾਮਲ ਨਾ ਹੁੰਦੇ।

## ਜੋਤੀ ਬਾਸੂ ਨੇ ਸਹੁੰ ਚੁੱਕੀ



ਕੱਲਕੱਤਾ:—ਬੰਗਾਲ 'ਚ ਖੱਬੇ ਪੱਖੀ ਮੋਰਚੇ ਦੀ ਜਬਰਦਸਤ ਜਿੱਤ ਤੋਂ ਬਾਅਦ ਜੋਤੀ ਬਾਸੂ ਨੇ ਮੁਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਜੋਤੀ ਬਾਸੂ ਤੀਜੀ ਵਾਰ ਬੰਗਾਲ ਦੇ ਮੁਖ ਮੰਤਰੀ ਬਣੇ ਹਨ।

ਪੱਛਮੀ ਬੰਗਾਲ ਦੀਆਂ 294 ਸੀਟਾਂ ਵਿਚੋਂ ਖੱਬੇ ਪੱਖੀ ਮੋਰਚੇ ਨੇ 251 ਸੀਟਾਂ ਜਿੱਤੀਆਂ ਹਨ। ਇਕੱਲੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੂੰ ਹੀ 187 ਸੀਟਾਂ ਮਿਲੀਆਂ ਹਨ। ਖੱਬੇ ਪੱਖੀ ਮੋਰਚੇ ਨੂੰ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਪ੍ਰਤੀਸ਼ਤ ਵੋਟਾਂ ਪਈਆਂ ਹਨ।

ਕੇਰਲ 'ਚ ਵੀ ਫਰੰਟ ਨੇ ਈ.ਕੇ.ਨਾਇਆਨਾਰ ਨੇ ਵਜ਼ਾਰਤ ਬਣਾ ਲਈ ਹੈ।

# ਰਿਸ਼ਵਤ ਸਬੰਧੀ ਬਿੱਲ ਪੇਸ਼

ਨਵੀਂ ਦਿੱਲੀ:—ਪਾਰਲੀਮੈਂਟ 'ਚ ਇਕ ਬਿੱਲ ਪੇਸ਼ ਕੀਤਾ ਗਿਆ ਹੈ ਜਿਸਦਾ ਮੰਤਵ ਰਿਸ਼ਵਤ ਲੈਣ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣਾ ਹੈ।

ਇਸ ਬਿੱਲ ਦੇ ਪਾਸ ਹੋ ਜਾਣ ਨਾਲ ਰਿਸ਼ਵਤ ਦੇ ਦੋਸ਼ 'ਚ ਫੜੇ ਵਿਅਕਤੀਆਂ ਨੂੰ 2 ਸਾਲ ਤੋਂ 7 ਸਾਲ ਤੱਕ ਸਜ਼ਾ ਹੋ ਸਕੇਗੀ। ਇਸ ਬਿੱਲ 'ਚ ਵਿਸ਼ੇਸ਼ ਅਦਾਲਤਾਂ ਬਣਾਉਣ ਦੀ ਗੱਲ ਵੀ ਕਹੀ ਗਈ ਹੈ ਤਾਂ ਜੋ ਰਿਸ਼ਵਤ ਦੇ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਹੋ ਸਕੇ।

ਇਸ ਬਿੱਲ ਦੇ ਘੇਰੇ 'ਚ ਮੁਖ ਤੌਰ 'ਤੇ ਪ੍ਰਸ਼ਾਸ਼ਕ ਭ੍ਰਿਸ਼ਟਾਚਾਰ ਦੀ ਗੱਲ ਕਹੀ ਗਈ ਹੈ। ਰਾਜਨੀਤਕ ਭ੍ਰਿਸ਼ਟਾਚਾਰ ਜਿਸ ਰਾਹੀਂ ਕਰੋੜਾਂ ਰੁਪਏ ਦਾ ਘਪਲਾ ਹੁੰਦਾ ਹੈ ਦੇ ਵਾਰੇ ਵਿਚ ਬਿੱਲ ਚੁੱਪ ਹੈ।


## ਫਾਰਮ ਵਰਕਰਾਂ ਦੀ ਲੋੜ ਹੈ

ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:

ਜਸਮਿੰਦਰ ਸਿੰਘ ਘੁਮਾਣ
591-9459
ਜਾਂ
ਜੋਗਿੰਦਰ ਸਿੰਘ ਗਿੱਲ (ਕੌਂਕੇ)
590-1438



PIZZA 222
222 IS # 1
222 IS 2 FOR 1



ORDER 2 PAY FOR 1
EVERY DAY
THIS OFFER APPLIES TO ALL LARGE,MEDIUM OR SMALL PIZZAS ON MENU

ਹੋਟ ਅਤੇ ਫਾਸਟ ਪੀਜ਼ੇ ਲਈ ਫੋਨ ਕਰੋ:
222-2222

222
ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ ਹੇਠ ਲਿਖੇ ਹਨ

1. 222 Special (222 ਸਪੈਸ਼ਲ)
Cheese, Tomato Sauce, Pepperoni, Mushroom, Onions, Greer Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)
(Cheese, Tomato Sauce, Mushrooms, Green Peppers, Pineapple, Olives, Tomatoes)

Free Delivery on single orders
$ 1.99 Delivery charge for all 2 for 1 orders

ਤੁਹਾਡੀ ਸੇਵਾ ਲਈ 17 ਸਟੋਰ

# ਮੈਨੀਟੋਬਾ ਵਿਚ ਟੋਰੀਆਂ ਵਲੋਂ ਨਸਲੀ ਵਿਤਕਰਾ

## ਐਨ ਡੀ ਪੀ ਵਿਧਾਇਕ ਡੋਲਿਨ ਦਾ ਦੋਸ਼

ਵਿਨੀਪੈਗ:—ਕੈਨੇਡਾਂ 'ਚ ਟੋਰੀ ਪਾਰਟੀ ਵਲੋਂ ਨਸਲੀ ਵਿਤਕਰੇ ਨੂੰ ਹਵਾ ਕਿਸ ਤਰ੍ਹਾਂ ਦਿਤੀ ਜਾਂਦੀ ਹੈ,ਇਸਦੀ ਇਕ ਤਾਜ਼ਾ ਉਦਾਹਰਣ ਮੈਨੀਟੋਬਾ ਅਸੰਬਲੀ 'ਚ ਦੇਖਣ ਨੂੰ ਮਿਲੀ ਹੈ। ਅਸੰਬਲੀ ਦੇ ਤਿੰਨ ਟੋਰੀ ਐਮ ਐਲ ਏ,ਐਨ ਡੀ ਪੀ ਦੇ ਇਕ ਐਮ ਐਲ ਏ 'ਤੇ ਇਸ ਕਰਕੇ ਗੁੱਸੇ ਹਨ ਕਿ ਉਂਕਿ ਉਹ ਕੈਨੇਡਾ 'ਚ ਪੈਦਾ ਨਹੀਂ ਸੀ ਹੋਇਆ ਸਗੋਂ ਇਮੀਗਰਾਂਟ ਦੇ ਤੌਰ 'ਤੇ ਆਇਆ ਸੀ।

ਇਸ ਕਰਕੇ ਐਨ ਡੀ ਪੀ ਐਮ ਐਲ ਏ ਮਾਰਟੀ ਡੋਲਿਨ ਦਾ ਕਹਿਣਾ ਹੈ ਕਿ ਟੋਰੀ ਪਾਰਟੀ ਦੇ ਤਿੰਨ ਮੈਂਬਰਾਂ ਨੇ ਉਸਨੂੰ ਕਿਹਾ ਕਿ ਉਹ ਅਮਰੀਕਾ ਵਾਪਸ ਚਲਿਆ ਜਾਵੇ ਨਾ ਕਿ ਮੈਨੀਟੋਬਾ ਵਾਸੀਆਂ ਦੇ ਮਾਮਲਿਆਂ ਨੂੰ ਹੱਲ ਕਰਨ ਲਈ ਸੁਝਾਅ ਦੇਵੇ।

ਡੋਲਿਨ ਅਨੁਸਾਰ,"ਇਹ ਕਿੰਨੀ ਬੇਸੁਆਦੀ ਅਤੇ ਮੁਜਰਮਾਨਾ ਦਲੀਲ ਹੈ ਕਿ ਜੋ ਲੋਕ ਕੈਨੇਡਾ 'ਚ ਪੈਦਾ ਨਹੀਂ ਹੋਏ ਸਗੋਂ ਆਪਣੀ ਮਰਜ਼ੀ ਨਾਲ ਇਥੇ ਆਏ ਹਨ,ਉਹ ਘੱਟ ਭਰੋਸੇਯੋਗ ਹਨ।

ਗੁੱਸੇ 'ਚ ਆਏ ਡੋਲਿਨ ਨੇ ਤਿੰਨ ਟੋਰੀ ਵਿਧਾਇਕਾਂ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਡੋਲਿਨ ਦੇ ਖਿਲਾਫ ਅਸੰਬਲੀ 'ਚ ਨਸਲੀ ਵਿਤਕਰੇ ਵਾਲੇ ਫਿਕਰੇ ਕਹੇ। ਇਹ ਤਿੰਨ ਟੋਰੀ ਵਿਧਾਇਕ ਡੇਨਿਸ ਰੋਕਲ,ਲਿਨ ਡਰਕਸ ਅਤੇ ਜੇ.ਫਰੈਂਕ ਜੌਹਨ ਸਟੋਨ ਹਨ।

ਅਸੰਬਲੀ 'ਚ ਬੱਜਟ ਬਹਿਸ ਦੌਰਾਨ ਜੌਹਨ ਸਟੋਨ ਨੇ ਕਿਹਾ ਸੀ ਕਿ ਡੋਲਿਨ ਇਥੇ ਪੈਦਾ ਨਹੀਂ ਹੋਇਆ ਅਤੇ ਕੈਨੇਡਾ 'ਚ ਇੰਨੇ ਲੰਮੇ ਸਮੇਂ ਤੋਂ 'ਨਹੀਂ ਹੈ ਕਿ ਉਹ ਮੈਨੀਟੋਬਾ 'ਚ ਖੇਤੀਬਾੜੀ ਦੀ ਮਹੱਤਤਾ ਨੂੰ ਸਮਝ ਸਕੇ।

ਦੂਜੇ ਐਮ ਐਲ ਏ ਡਰਕਸ 'ਤੇ ਡੋਲਿਨ ਨੇ ਦੋਸ਼ ਲਾਇਆ ਕਿ ਉਸਨੇ ਪਾਰਕਿੰਗ ਲਾਟ 'ਚ ਡੋਲਿਨ ਨੂੰ ਕਿਹਾ ਸੀ ਕਿ ਆਪਣੇ ਦੇਸ਼ ਤੋਂ ਆਕੇ ਮੈਨੀਟੋਬਾ ਨੂੰ ਬਿਜ਼ਨਸ ਸੰਬੰਧੀ ਸਲਾਹ ਦੇਣ ਦੀ ਕੋਈ ਲੋੜ ਨਹੀਂ।

ਤੀਜੇ ਐਮ ਐਲ ਏ ਰੋਕਨ ਨੇ ਅਸੰਬਲੀ 'ਚ ਬੱਜਟ ਬਹਿਸ ਸਮੇਂ ਕਿਹਾ,"ਆਪਣੇ ਦੇਸ਼ ਵਿਚੋਂ ਆਕੇ ਡੋਲਿਨ ਉਸ ਕੈਨੇਡਾ ਸਰਕਾਰਦੀ ਆਲੋਚਨਾ ਕਰ ਰਿਹਾ ਹੈ ਜਿਸਨੇ ਉਸਨੂੰ ਕੈਨੇਡਾ 'ਚ ਰਹਿਣ ਦੀ ਆਗਿਆ ਦਿਤੀ। ਹੋ ਸਕਦਾ ਹੈ ਸਾਨੂੰ ਕੋਈ ਰਾਹ ਲੱਭਣਾ ਪਵੇ ਤਾਂ ਜੋ ਉਸਨੂੰ ਵਾਪਸ ਉਸਦੇ ਦੇਸ਼ ਭੇਜਿਆ ਜਾਵੇ।

ਇਨ੍ਹਾਂ ਤਿੰਨਾਂ ਵਿਧਾਇਕਾਂ ਨੇ ਇਹ ਮੰਨਿਆ ਕਿ ਡੋਲਿਨ ਦੇ ਸੰਬੰਧ 'ਚ ਉਨ੍ਹਾਂ ਇਹ ਗੱਲਾਂ ਕਹੀਆਂ ਪਰ ਇਸ ਗੱਲ 'ਤੇ ਜ਼ੋਰ ਦਿਤਾ ਕਿ ਇਨ੍ਹਾਂ ਵਿਚਾਰਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਟੋਰੀ ਐਮ ਐਲ ਏ ਜੌਹਨ ਸਟੋਨ ਜੋ ਕਿ ਸਾਬਕ ਸੀਨੀਅਰ ਮਨਿਸਟਰ ਹੈ ਨੇ ਕਿਹਾ ਕਿ ਉਸਦਾ ਮਤਲਬ ਸਿਰਫ ਇੰਨਾ ਸੀ ਕਿ ਜੋ ਵਿਅਕਤੀ ਮੈਨੀਟੋਬਾ ਦੀ ਨੰਬਰ ਇਕ ਇੰਡਸਟਰੀ ਖੇਤੀਬਾੜੀ ਨੂੰ ਮਾਨਤਾ ਨਹੀਂ ਦਿੰਦਾ,ਉਹ ਜਾਂ ਤਾਂ ਬਹੁਤ ਛੋਟੀ ਉਮਰ ਦਾ ਹੈ ਅਤੇ ਜਾਂ ਇਥੇ ਪੈਦਾ ਨਹੀਂ ਹੋਇਆ ਅਤੇ ਮੈਨੀਟੋਬਾ 'ਚ ਹੁਣੇ ਹੁਣੇ ਆਇਆ ਹੈ।

ਬੱਜਟ ਸਮੇਂ ਬੋਲਦਿਆਂ ਐਨ ਡੀ ਪੀ ਐਮ ਐਲ ਏ ਡੋਲਿਨ ਨੇ ਕਿਹਾ ਕਿ ਉਹਨੇ ਕਦੀ ਵੀ ਇਹ ਨਹੀਂ ਕਿਹਾ ਕਿ ਖੇਤੀਬਾੜੀ ਘੱਟ ਮਹੱਤਵਪੂਰਨ ਹੈ।

48 ਸਾਲਾ ਡੋਲਿਨ ਨਿਊਯਾਰਕ 'ਚ ਪੈਦਾ ਹੋਇਆ ਸੀ।ਉਹ 22 ਸਾਲ ਪਹਿਲਾਂ ਕੈਨੇਡਾ ਆਪਣੀ ਮਰਜ਼ੀ ਨਾਲ ਆਇਆ ਸੀ।

ਡੋਲਿਨ ਅਨੁਸਾਰ,"ਮੈਂ ਅਮਰੀਕਨ ਡਰਾਫਟ ਡੋਜਰ (ਜਬਰੀ ਫੌਜੀ ਭਰਤੀ ਤੋਂ ਡਰ ਕੇ ਨੱਸਿਆ ਹੋਇਆ) ਨਹੀਂ ਹਾਂ,ਹਾਂ, ਮੈਂ ਉਸ ਗੰਦੀ ਵੀਅਤਨਾਮ ਜੰਗ ਦਾ ਵਿਰੋਧ ਕੀਤਾ ਸੀ। ਮੈਨੂੰ ਇਸ 'ਤੇ ਮਾਣ ਵੀ ਹੈ। ਮੈਂ ਸੈਕਿੰਡ ਕਲਾਸ ਸਿਟੀਜ਼ਨ ਦੇ ਤੌਰ 'ਤੇ ਵਰਤਾਉ ਕੀਤੇ ਜਾਣ ਦੇ ਖਿਆਲ ਨੂੰ ਪਸੰਦ ਨਹੀਂ ਕਰਦਾ।

ਡੋਲਿਨ ਨੇ ਕਿਹਾ ਕਿ ਟੋਰੀ ਮੈਂਬਰ ਕੈਨੇਡਾ ਦੀ ਬਹੁਸਭਿਆਚਾਰਕ ਰੂਹ ਨੂੰ ਠੇਸ ਪਹੁੰਚਾ ਰਹੇ ਹਨ। "ਅਸੀਂ ਸਾਰੀਆਂ ਕੌਮਾਂ ਅਤੇ ਧਰਮਾਂ ਦੇ ਲੋਕਾਂ ਨੂੰ ਜੀ ਆਇਆਂ ਕਹਿੰਦੇ ਹਾਂ। ਇਸ ਕਰਕੇ ਹੀ ਕੈਨੇਡਾ ਮਹਾਨ ਬਣਦਾ ਹੈ। ਇਸ ਕਰਕੇ ਹੀ ਮੈਂ ਇਥੇ ਆਇਆ ਸੀ। ਇਹ ਕਹਿਣਾ ਕਿ ਜੋ ਬਾਹਰੋਂ ਆਇਆ ਹੈ ਉਹ ਘੱਟ ਗੁਣਾਂ ਵਾਲਾ ਹੈ,ਅੱਤਦਰਜੇ ਦਾ ਅਪਰਾਧ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਇਹ ਖਤਮ ਹੋਵੇ।"ਡੋਲਿਨ ਨੇ ਗੁੱਸੇ 'ਚ ਕਿਹਾ

ਉਪਰ ਤਿੰਨਾਂ ਟੋਰੀ ਵਿਧਾਇਕਾਂ ਨੇ ਸਿੱਧੇ ਅਸਿੱਧੇ ਢੰਗ ਨਾਲ ਇਹ ਮੰਨਿਆ ਹੈ ਕਿ ਉਨ੍ਹਾਂ ਨੇ ਇਹ ਗੱਲਾਂ ਕਹੀਆਂ।

# ਦੋ ਕਸਟਮ ਅਧਿਕਾਰੀ ਚੋਰੀ ਦੇ ਦੋਸ਼ 'ਚ ਕਾਬੂ

ਨਵੀਂ ਦਿੱਲੀ:—ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਤਾਇਨਾਤ ਇਕ ਕਸਟਮ ਸੁਪਰਡੈਂਟ ਅਤੇ ਇਕ ਇੰਸਪੈਕਟਰ ਨੂੰ ਚੋਰੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ।

ਸਾਊਦੀ ਅਰਬ ਤੋਂ ਆਏ ਇਕ ਮੁਸਾਫਰ ਸੁਰਜੀਤ ਰਾਮ ਨੇ ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਕਿ ਮਹਿੰਦਰ ਸਿੰਘ ਸੁਪਰਡੈਂਟ, ਇਨਸਪੈਕਟਰ ਰਾਜਿੰਦਰ ਸੇਠੀ ਨੇ ਉਸਤੋਂ 900 ਡਾਲਰ ਖੋਹ ਲਏ ਹਨ। ਪੁਲੀਸ ਨੇ ਇਹ ਰਕਮ ਉਨ੍ਹਾਂ ਕੋਲੋਂ ਬ੍ਰਾਮਦ ਕਰ ਲਈ ਅਤੇ ਚੋਰੀ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ।

ਇਹ ਮੁਸਾਫਰ ਸਾਊਦੀ ਅਰਬ ਤੋਂ ਪੱਕੇ ਤੌਰ 'ਤੇ ਵਾਪਸ ਆਇਆ ਸੀ ਅਤੇ ਹੁਸ਼ਿਆਰਪੁਰ ਜਾ ਰਿਹਾ ਸੀ।

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੈਨਕੂਵਰ ਵਲੋਂ ਜਲ੍ਹਿਆਂਵਾਲਾ ਦਿਵਸ ਉਪਰ ਸਭਿਆਚਾਰਕ ਪ੍ਰੋਗਰਾਮ ਅਤੇ ਵੈਨਕੂਵਰ ਦੇ ਬੇਸਮਿੰਟਾਂ ਦੇ

ਸੁਆਲ ਉਪਰ ਪਬਲਿਕ ਮੀਟਿੰਗ

ਥਾਂ:—ਜੌਹਨ ਔਲੀਵਰ ਸਕੂਲ ਆਡੋਟੋਰੀਅਮ
(ਫਰੇਜ਼ਰ ਤੇ 41 Ave.)
ਸਮਾਂ:—ਸਾਢੇ ਚਾਰ ਵਜੇ ਸ਼ਾਮ ਐਤਵਾਰ 12 ਅਪਰੈਲ
ਬੁਲਾਰੇ:—ਵੱਖੋ ਵੱਖ ਕਮਿਊਨਿਟੀਆਂ ਅਤੇ ਐਸਸੀਏਸ਼ਨ ਵਲੋਂ ਬੁਲਾਰੇ। ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਗਿੱਧਾ,ਭੰਗੜਾ ਅਤੇ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ:327-6461 588-5217,325-1662,325-8006


# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

# ਰੋਕੋ ਸਾੜ੍ਹੀਜ਼ ਹਫਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

# ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ




## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS

ਪੰਨਾ 4 ਦੀ ਬਾਕੀ

ਕੀਤਾ ਗਿਆ ਸੀ) ਦੇ ਜਥੇਦਾਰਾਂ ਦੇ ਅਧਿਕਾਰ ਕੇਵਲ ਮਜ਼ਬੀ ਹੀ ਹਨ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੇ ਰਾਜਨੀਤੀ ਬਾਰੇ ਹੁਕਮਨਾਮਾ ਜਾਰੀ ਕਰਨ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਹੈ। ਇਨ੍ਹਾਂ ਪੰਜਾਬ ਦੇ ਦੋ ਤਖਤਾਂ ਦੇ ਜਥੇਦਾਰਾਂ,ਪੰਜਾਬ ਤੋਂ ਬਾਹਰਲੇ ਦੋ ਤਖਤਾਂ(ਨਾਦੇੜ ਤੇ ਪਟਨਾ) ਦੇ ਜਥੇਦਾਰਾਂ ਨੂੰ,ਆਪਣਾ ਫੈਸਲਾ ਦੇਣ ਤੋਂ ਪਹਿਲਾਂ ਬਿਲਕੁਲ ਨਹੀਂ ਪੁੱਛਿਆ ਸੋ ਉਨ੍ਹਾਂ ਦੋਵਾਂ ਇਨ੍ਹਾਂ ਪੰਜਾਬੀ-ਪਰੀਸ਼ਟਾਂ ਦੇ ਫੈਸਲੇ ਨੂੰ ਨਿਰਾ ਅਪਰਵਾਨ ਹੀ ਨਹੀਂ ਕੀਤਾ ਬਲਕਿ ਨਿੰਦਿਆ ਵੀ ਹੈ।

ਗੁੱਸੇ ਹੋਏ ਅਕਾਲੀ ਗਰੁੱਪ ਦੇ ਲੀਡਰ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ,ਜਿਹੜਾ ਚੀਫ ਮਨਿਸਟਰ ਬਣਨ ਦਾ ਇੱਛਕ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੀ:ਐਸ ਟੌਹੜਾ ਸਾਹਿਬ:ਦਰਅਸਲ ਹਾਈ ਪਰੀਸ਼ਟਾਂ ਵਿਚੋਂ ਦੀ ਬੋਲ ਰਹੇ ਹਨ। ਅਮਰਿੰਦਰ ਸਿੰਘ ਜਿਹੜਾ ਅਕਾਲੀ ਦਲ ਨੂੰ,ਨਿੱਝਕ ਡੈਮੋਕਰੇਟਿਕ ਪਾਰਟੀ ਆਖ ਰਿਹਾ ਹੈ ਅਤੇ ਜਿਹੜਾ ਆਪਣੇ ਆਪ ਨੂੰ ਧਰਮ-ਨਿਰਪੱਖ ਰਾਜ-ਸ਼ਾਸ਼ਤਰੀ ਸਦਵਾਉਂਦਾ ਸੀ,ਉਹ ਭੁੱਲ ਰਿਹਾ ਹੈ ਕਿ ਉਹਦੀ ਮੌਜੂਦਾ ਨੀਤੀ ਉਹਦੇ ਲਈ ਹੀ ਖਤਰਨਾਕ ਸਾਬਤ ਹੋਵੇਗੀ।

ਸੁਰਜੀਤ ਸਿੰਘ ਬਰਨਾਲਾ,ਆਖਰ ਪਾਰਟੀ ਦਾ ਹੀ ਚੁਣਿਆ ਹੋਇਆ ਹੈ ਅਤੇ ਹਾਈ-ਪਰੀਸ਼ਟਾਂ ਦੇ ਫਤਵੇ ਤੋਂ ਪਿਛੋਂ ਵੀ ਪਾਰਟੀ ਦੀ ਬਹੁਸੰਮਤੀ ਹਾਲੇ ਬਰਨਾਲੇ ਦੇ ਨਾਲ ਹੈ (ਅਕਾਲੀ) ਪਾਰਟੀ-ਡੈਮੋਕਰੇਟਿਕ ਕਿਵੇਂ ਆਖੀ ਜਾ ਸਕਦੀ ਹੈ ਜੇ ਅਮਰਿੰਦਰ ਸਿੰਘ ਨੂੰ ਆਪਣੀ ਬਹੁਸੰਮਤੀ ਬਣਾਉਣ ਲਈ,ਹਾਈਪਰੀਸ਼ਟਾਂ ਦੇ ਹੁਕਮਨਾਮਿਆਂ ਦੀ ਓਟ ਤੱਕਣੀ ਪੈ ਰਹੀ ਹੈ ? ਅੱਜ ਬਰਨਾਲੇ ਨੂੰ ਵਿਗੜੀ ਪਾਰਟੀ ਸਥਿਤੀ ਦਾ ਕਸੈਲਾ ਸਵਾਦ ਚੱਖਣਾ ਪੈ ਰਿਹਾ ਹੈ ਤੇ ਅੱਗੋਂ ਬਰਨਾਲੇ ਦੀ ਥਾਂ ਅਮਰਿੰਦਰ ਸਿੰਘ ਜਾਂ ਬਾਦਲ ਹੋ ਸਕਦੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਾਈ-ਪਰੀਸ਼ਟਾਂ ਜਾਂ ਕਿਸੇ ਹੋਰ ਲੁਕੇ ਛਲੀਏ ਦੇ ਹੱਥਾਂ ਵਿਚ ਉਨ੍ਹਾਂ ਦੀ ਕਿਸਮਤ ਦੀ ਵਾਗਡੋਰ ਵੀ ਹੋਵੇਗੀ।

ਅਜੋਕੀ ਸਥਿਤੀ ਬੜਾ ਗੋਰਖਧੰਦਾ ਬਣੀ ਹੋਈ ਹੈ,ਕੋਈ ਵੀ ਡੈਮੋਕਰੇਟਿਕ ਇਹਦੀ ਪੁਸ਼ਟੀ ਨਹੀਂ ਕਰ ਸਕਦਾ ਅਤੇ ਕੋਈ ਵੀ ਦੇਸ਼,ਆਪਣੇ ਰਾਜ ਵਿਚ ਵੱਖ ਰਾਜ ਸਵੀਕਾਰ ਕਰਨ ਲਈ ਤਿਆਰ ਨਹੀਂ ਹੋ ਸਕਦਾ। ਬਰਨਾਲਾ ਸਰਕਾਰ ਵਿਚ ਵੀ ਊਣਤਾਈਆਂ ਤੇ ਕਮਜ਼ੋਰੀਆਂ ਹਨ ਤੇ ਸ਼ਾਇਦ ਇਹਦਾ ਅੰਤ ਹੋ ਸਕਣਾ ਵੀ ਸੰਭਵ ਹੈ। ਚੀਫ ਮਨਿਸਟਰ ਦਾ ਹਟਾਇਆ ਜਾਣਾ,ਲੈਜਿਸਲੇਚਰਾਂ ਤੇ ਆਧਾਰਤ ਹੈ,ਜਿਹੜੇ ਆਪਣੀ ਸ਼ਕਤੀ ਆਪਣੇ ਵੋਟਰਾਂ ਪਾਸੋਂ ਜਿਹੜੇ ਉਨ੍ਹਾਂ ਨੂੰ ਚੁਣਦੇ ਹਨ,ਪ੍ਰਾਪਤ ਕਰਦੇ ਹਨ ਸੋ ਉਨ੍ਹਾਂ ਦਾ ਪਰੀਸ਼ਟਾਂ ਦੇ ਇਸ਼ਾਰੇ ਵੱਲ ਝਾਕਣਾ,ਉਨ੍ਹਾਂ ਦੀ ਰਾਜਨੀਤੀ ਦਾ ਦੀਵਾਲੀਆ-ਪਨ ਹੀ ਆਖਿਆ ਜਾ ਸਕਦਾ ਹੈ।

ਸੈਂਟਰ ਸਰਕਾਰ ਦੀ ਢਿੱਲ-ਮੱਠ ਦੇ ਕੀਤੇ ਵਾਅਦਿਆਂ ਵਲੋਂ ਬੇਰੁਖੀ ਨੇ ਵੱਖਵਾਦੀਆਂ ਨੂੰ ਬੜੀ ਸ਼ਹਿ ਦਿਤੀ ਹੈ। ਜੇ ਕਦੀ ਜੋਧਪੁਰ ਵਿਚ,ਢਾਈ ਸਾਲਾਂ ਤੋਂ ਬਿਨਾਂ ਮੁਕੱਦਮਾ ਡੱਕੇ ਕੈਦੀ ਛੱਡ ਦਿਤੇ ਹੁੰਦੇ ਤੇ ਨਵੰਬਰ 1984 ਦੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਹੋਏ ਦੰਗਿਆਂ ਦੇ ਦੋਸ਼ੀਆਂ ਨੂੰ ਉਨ੍ਹਾਂ ਦੇ ਦੋਸ਼ਾਂ ਦੀਆਂ ਢੁਕਵੀਆਂ ਸਜ਼ਾਵਾਂ ਦਿਤੀਆਂ ਹੁੰਦੀਆਂ,ਤਾਂ ਅੱਜ ਨਕਸ਼ਾ ਹੀ ਹੋਰ ਹੁੰਦਾ ਤੇ ਧੁੰਮਾਂ ਪੈ ਜਾਂਦੀਆਂ ਕਿ ਸੈਂਟਰ ਸਰਕਾਰ ਸਿੱਖਾਂ ਵਲੋਂ ਅਵੇਸਲੀ ਨਹੀਂ ਤੇ ਸਿੱਖਾਂ ਦੇ ਹਿਰਖ ਕਾਫੀ ਹੱਦ ਤੱਕ ਮੱਠੇ ਪੈ ਗਏ ਹੁੰਦੇ।

ਦੇਸ਼ ਅਤੇ ਪ੍ਰਾਂਤ ਦੀ ਵਿਗੜੀ ਸਥਿਤੀ ਨੂੰ,ਸਿੱਖ ਹਾਈ ਪਰੀਸ਼ਟਾਂ,ਸਿੱਖ ਜਨਤਾ ਨੂੰ ਉਭਾਰਨ ਲਈ ਨਵਾਂ ਟੀਕਾ ਲਾਕੇ,ਹੋਰ ਵੀ ਭੈ-ਭੀਤ ਬਣਾ ਦਿਤਾ ਹੈ। ਪੰਜਾਬ ਦੇ ਹਿੰਦੂਆਂ ਅਤੇ ਬਾਹਰਲੇ ਸਿੱਖਾਂ ਨੂੰ,ਏਸ ਨਵੇਂ ਮੋੜ ਨੇ ਹਰ ਵੀ ਕਰੜੇ ਇਮਤਿਹਾਨ ਵਿਚ ਪਾ ਦਿਤਾ ਹੈ। ਦੇਸ਼ ਤੇ ਪੰਜਾਬ ਦੇ ਭਾਗਾਂ ਵਿਚ ਹਾਲੇ ਕਿੰਨੇ ਕੁ ਹੋਰ ਸੰਕਟ ਲੁਕੇ ਹਨ,ਸਮਾਂ ਹੀ ਦੱਸੇਗਾ।

## ਕਾਂਗਰਸ ਦੀ ਹਾਰ ਦਾ ਪਤਾ ਲਾਉਣ ਲਈ ਕਮੇਟੀ ਬਣੀ

# ਦਰਬਾਰਾ ਸਿੰਘ ਪ੍ਰਧਾਨ ਨਿਯੁਕਤ

ਨਵੀਂ ਦਿੱਲੀ:—ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ 4 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜੋ ਬੰਗਾਲ ਅਤੇ ਕੇਰਲਾ 'ਚ ਪਾਰਟੀ ਦੀ ਭਾਰੀ ਹਾਰ ਦੇ ਕਾਰਨਾਂ ਦਾ ਪਤਾ ਲਾਏਗੀ। ਇਸ ਕਮੇਟੀ ਦਾ ਪ੍ਰਧਾਨ ਪੰਜਾਬ ਦੇ ਸਾਬਕ ਮੁਖ ਮੰਤਰੀ ਦਰਬਾਰਾ ਸਿੰਘ ਨੂੰ ਬਣਾਇਆ ਗਿਆ ਹੈ।

ਇਹ ਕਮੇਟੀ ਅਪਰੈਲ ਤੱਕ ਆਪਣੀ ਰਿਪੋਰਟ ਦੇ ਦੇਵੇਗੀ। ਰਾਜੀਵ ਨੇ ਕਾਂਗਰਸ ਦੀ ਹਾਰ ਦੀ ਜ਼ਿੰਮੇਵਾਰੀ ਆਪਸੀ ਝਗੜਿਆਂ 'ਤੇ ਸੁੱਟੀ ਹੈ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਬੰਗਾਲ 'ਚ ਕੋਈ ਮਾਅਰਕਾ ਮਾਰ ਜਾਣ ਦੀ ਉਮੀਦ ਸੀ। ਰਾਜੀਵ ਨੇ ਚੋਣਾਂ ਦੌਰਾਨ ਲੱਗਭੱਗ 100 ਜਲਸਿਆਂ ਨੂੰ ਸੰਬੋਧਨ ਕੀਤਾ ਸੀ। ਬੰਗਾਲ 'ਚ ਕਾਂਗਰਸ ਨੂੰ ਸਿਰਫ 40 ਸੀਟਾਂ ਹਾਸਲ ਹੋ ਸਕਦੀਆਂ ਹਨ ਜਦ ਕਿ ਪਿਛਲੀ ਵਿਧਾਨ ਸਭਾ 'ਚ ਇਹ ਗਿਣਤੀ 52 ਸੀਟਾਂ ਦੀ ਸੀ। ਚੋਣ ਨਤੀਜੇ ਆ ਜਾਣ ਤੋਂ ਬਾਅਦ ਪਾਰਟੀ ਦੇ ਇਕ ਧੜੇ ਨੇ ਪਾਰਟੀ ਦਫਤਰ ਤੇ ਕਬਜ਼ਾ ਕਰ ਲਿਆ। ਦਫਤਰ 'ਤੇ ਲੱਗੀਆਂ ਰਾਜੀਵ ਦੀਆਂ ਫੋਟੋ ਪਾੜ ਸੁੱਟੀਆਂ। ਗੁੱਸੇ 'ਚ ਆਏ ਪਾਰਟੀ ਵਰਕਰਾਂ ਨੇ ਦੋ ਮੰਤਰੀਆਂ ਅਜੀਤ ਪੰਜਾ ਅਤੇ ਪ੍ਰੀਰੰਜਨ ਦਾਸ ਮੁਨਸ਼ੀ ਦੇ ਖਿਲਾਫ ਨਾਅਰੇ ਵੀ ਲਾਏ।

ਉਧਰ ਰਾਜੀਵ ਗਾਂਧੀ ਨੇ ਪਾਰਟੀ ਵਰਕਰਾਂ ਨੂੰ ਕਿਹਾ ਹੈ ਕਿ ਉਹ ਹਾਰ ਦੇ ਬਾਵਜੂਦ ਵੀ ਆਤਮ ਭਰੋਸਾ ਨਾ ਗਵਾਉਣ। ਉਨ੍ਹਾਂ ਨੂੰ ਪਾਰਟੀ ਲੀਡਰਾਂ 'ਤੇ ਭਰੋਸਾ ਰੱਖਣ ਲਈ ਕਿਹਾ ਗਿਆ ਹੈ।

### ਮੰਤਰੀ ਦਾ ਅਸਤੀਫਾ

ਇਸੇ ਦੌਰਾਨ ਕਾਨੂੰਨ ਮੰਤਰੀ ਅਸ਼ੋਕ ਜੈਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿਤਾ ਹੈ। ਮੰਤਰੀ ਨੇ ਪਾਰਟੀ ਦੀ ਹੋਈ ਹਾਰ ਕਾਰਨ ਅਸਤੀਫਾ ਦਿਤਾ ਹੈ। ਖਬਰਾਂ ਅਨੁਸਾਰ ਅਸ਼ੋਕ ਸੈਨ ਦਾ ਅਸਤੀਫਾ ਅਜੇ ਮਨਜ਼ੂਰ ਨਹੀਂ ਕੀਤਾ ਗਿਆ।

**ਆਜ਼ਾਦੀ ਬਰਕਤਾਂ ਦੀ ਬਰਕਤ ਹੈ ਤੇ ਜ਼ਿੰਦਗੀ ਦੇ ਅੰਤਮ ਮਨੁੱਖੀ ਟੀਚੇ ਉਤੇ ਪਹੁੰਚਣ ਦੀ ਸ਼ਾਹ ਰਾਹ ਹੈ।**

—ਗੁਰਬਖਸ਼ ਸਿੰਘ


**INCOME TAX** from $15

**ACCOUNTING**

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



**MANGAT AGENCIES**
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254



**MERIDIAN INSURANCE**

*Life & Accident sickness*

LOCATION 1

3268 COAST MERIDIAN RD.,
PORT COQUITLAM, B.C. V3B 3N4
3268 ਕੋਸਟ ਮੈਰੀਡੀਅਨ ਰੋਡ ਪੋਰਟ ਕੁਕਿਟਲਮ
Ph. 941-8544

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

LOCATION 2

F.W. INSURANCE AGENCIES LTD.
Unit 115-8980 - No. 3 Road, RICHMOND, B.C.
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ) V6Y 2E8

ਸੰਤਬੀਰ ਸਿੰਘ ਮਿਨਹਾਸ
Ph. 272-0700

Santbir Minhas Res. 271-1248 **ICBC, house, tenant, commercial**



CALL US FIRST

IATA APPROVED OFFICE

**Express Internationl Travel (1986) Ltd.** ATAC

Authorized Ticket Agents for
AIR CANADA,WARDAIR,C P AIR,PAN AM,AIR INDIA,JAPAN AIR LINES,BRITISH AIR WAYS,KLM,EASTERN,AIR CAL,DELTA AIR,LUFTHANSA and many other airlines.

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG

# ਸ਼ਹੀਦਾਂ ਦੀ ਯਾਦ ਵਿਚ ਭਗਤ ਸਿੰਘ,ਰਾਜਗੁਰੂ, ਸੁਖਦੇਵ ਡੇਅ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੀ ਵਿਲੀਅਮਜ਼ ਲੇਕ ਬ੍ਰਾਂਚ ਨੇ 28 ਮਾਰਚ ਦਿਨ ਸ਼ਨਿਚਰਵਾਰ 1987 ਨੂੰ ਵਿਲੀਅਮਜ਼ ਲੇਕ ਵਿਚ ਬਹੁਤ ਹੀ ਸ਼ਾਨਦਾਰ ਤੇ ਸਫਲ ਮੀਟਿੰਗ ਕੀਤੀ। ਮਜ਼ਦੂਰ ਸਭਾ ਦੀ "ਓਵਰਲੈਂਡਰ ਕਨਵੈਨਸ਼ਨ ਹਾਲ"ਵਿਚ ਸ਼ਾਮ ਦੇ ਤਿੰਨ ਵਜੇ ਮੀਟਿੰਗ ਦਾ ਸਮਾਂ ਸੀ ਪਰ ਇਹ ਕਨਵੈਨਸ਼ਨ ਹਾਲ ਢਾਈ ਵਜੇ ਹੀ ਭਰ ਗਿਆ । ਲੋਕਾਂ ਵਿਚ ਬਹੁਤ ਹੀ ਉਤਸ਼ਾਹ ਸੀ । ਮੀਟਿੰਗ ਦੀ ਪ੍ਰਧਾਨਗੀ ਪੁਰਾਣੇ ਦੇਸ਼ ਭਗਤ ਤੇ ਮਾਰਕਸੀ ਪਾਰਟੀ ਦੇ ਜਾਣੇ ਜਾਂਦੇ ਕਾਰਕੁਨ ਸਾਥੀ ਜਰਨੈਲ ਸਿੰਘ ਭੁੰਗਰਨੀ ਨੇ ਕੀਤੀ ਅਤੇ ਸਟੇਜ ਦੀ ਕਾਰਵਾਈ ਮਾਸਟਰ ਗੁਰਮੇਲ ਸਿੰਘ ਨੇ ਬੜੀ ਹੀ ਸਫਲਤਾ ਨਾਲ ਨਿਭਾਈ ਸਟੇਜ ਉਪਰ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਬੈਠੇ ਸਨ ਅਤੇ ਜਨਰਲ ਸਕੱਤਰ ਮਹਿੰਦਰ ਸਿੰਘ ਸੂਮਲ "ਕਲਾ ਕੇਂਦਰ"ਦੇ ਮੈਂਬਰਾਂ ਦਾ ਸੁਕੈਡ ਲੈ ਕੇ ਪਹੁੰਚੇ ਹੋਏ ਸਨ ।

ਆਰੰਭ ਵਿਚ ਲੋਕਾਂ ਨੇ ਇਕ ਮਿੰਟ ਲਈ ਚੁਪ ਖੜ੍ਹੇ ਹੋ ਕੇ ਭਾਰਤੀ ਆਜ਼ਾਦੀ ਦੇ ਪਰਵਾਨੇ ਸ਼ਹੀਦਾਂ ਅਤੇ ਹੁਣ ਭਾਰਤੀ ਏਕਤਾ ਤੇ ਭਰਾਤਰੀ ਭਾਵ ਲਈ ਜੂਝ ਰਹੇ ਲੋਕਾਂ ਅਤੇ ਅੱਤਵਾਦੀਆਂ ਹੱਥੋਂ ਹੋਏ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ । ਇਸਤੋਂ ਪਿਛੋਂ ਵਿਲੀਅਮਜ਼ ਲੇਕ ਦੇ ਪ੍ਰਸਿੱਧ ਡਾਕਟਰ ਨੌਰਮਨ ਡਫ ਨੇ ਅਮਨ,ਪ੍ਰਮਾਣੂ ਹਥਿਆਰਾਂ ਉਪਰ ਪਾਬੰਦੀ ਤੇ ਖਾਤਮੇ ਬਾਰੇ ਅਤੇ ਅਮਰੀਕੀ ਸਾਮਰਾਜ ਦੇ ਮਾਰੂ ਸਟਾਰ ਵਾਰਜ਼ ਬਾਰੇ ਸਪੀਚ ਕੀਤੀ । ਉਸਨੇ ਆਖਿਆ ਕਿ ਭਾਵੇਂ ਵਿਲੀਅਮਜ਼ ਲੇਕ ਤੇ ਹੋਰ ਸ਼ਹਿਰ ਪ੍ਰਮਾਣੂ ਹਥਿਆਰ ਫਰੀ ਜ਼ੋਨ ਲਈ ਐਲਾਨ ਕਰ ਚੁੱਕੇ ਹਨ ਅਤੇ ਲੋਕਾਂ ਨੇ ਜਬਰਦਸਤ ਹੁੰਗਾਰਾ ਭਰਿਆ ਹੈ ਪਰ ਸਾਰਾ ਕੈਨੇਡਾ ਹੀ ਪ੍ਰਮਾਣੂ ਫਰੀ ਜ਼ੋਨ ਹੋਣਾ ਚਾਹੀਦਾ ਹੈ। ਸੋ ਲੋਕਾਂ ਦੀ ਭਲਾਈ ਹਥਿਆਰਾਂ ਦੇ ਖਾਤਮੇ ਵਿਚ ਹੈ ।

ਸਾਊਥ ਕੈਰੀਬੂ ਲੇਬਰ ਕੌਂਸਲ ਦੇ ਪ੍ਰਧਾਨ ਇਵਨ ਵਨਿਲ ਨੇ ਕਾਮਿਆਂ ਤੇ ਮਾਲਕਾਂ ਦੇ ਸਬੰਧਾਂ ਬਾਰੇ,ਲੇਬਰ ਕੋਡ,ਯੂਨੀਅਨ ਨਾਲ ਟੱਕਰ ਅਤੇ ਸਰਕਾਰ ਵਲੋਂ ਮਜ਼ਦੂਰਾਂ ਉਪਰ ਹਮਲਿਆਂ ਨੂੰ ਵਿਸਥਾਰ ਪੂਰਬਕ ਦਸਿਆ । ਇੰਟਰਨੈਸ਼ਨਲ ਵੁਡਵਰਕਰਜ਼ ਐਸੋਸੀਏਸ਼ਨ ਦੀ ਲੋਕਲ 425 ਦੀ ਬ੍ਰਾਂਚ ਦੇ ਪ੍ਰਧਾਨ ਹਾਰਵੀ ਆਰਕੰਡ ਨੇ ਵਿਸਥਾਰਪੂਰਵਕ ਢੰਗ ਨਾਲ ਇਸ ਯੂਨੀਅਨ ਦੀ ਜਦੋਜਹਿਦ ਅਤੇ ਇਤਿਹਾਸ ਬਾਰੇ ਦਸਦਿਆਂ ਆਖਿਆ ਕਿ ਮਜ਼ਦੂਰਾਂ ਦੀ ਅੰਤਰ-ਰਾਸ਼ਟਰੀ ਪੱਧਰ ਤੇ ਏਕਤਾ ਹੈ ਤੇ ਮਾਲਕਾਂ ਤੇ ਲੋਟੂਆਂ ਵਿਰੁਧ ਸੰਘਰਸ਼ ਕਰਨਾ ਜ਼ਰੂਰੀ ਹੈ। ਫਿਰ ਐਰਸਟਨ ਨੇ ਦਸਿਆ ਕਿ ਮਿਲਾਂ ਦੀਆਂ ਭੱਠੀਆਂ ਵਿਚ ਅੱਗ ਤੋਂ ਉਡਦੀ ਸੁਆਹ ਨਾਲ ਹਵਾ ਅਤੇ ਵਾਯੂਮੰਡਲ ਵਿਚ ਜੋ ਗੰਦਗੀ ਫੈਲਦੀ ਹੈ,ਉਸਨੂੰ ਰੋਕਣਾ ਜ਼ਰੂਰੀ ਹੈ । ਸਾਂਝੀ ਮੁਹਿਮ ਰਾਹੀਂ ਇਨ੍ਹਾਂ ਮਿਲਾਂ ਵਾਲਿਆਂ ਨੂੰ ਕਾਨੂੰਨੀ ਤੌਰ ਤੇ ਮਜ਼ਬੂਰ ਕੀਤਾ ਜਾਏ ਕਿ ਸਫਾਈ ਲਈ ਤੇ ਸੁਆਹ ਦੀ ਰੋਕ ਥਾਮ ਲਈ ਛਾਨਣੇ ਲਾਏ ਜਾਣ ।

ਇਸ ਪਿਛੋਂ ਪੰਜਾਬੀ ਵਿਚ ਪਰੋਗਰਾਮ ਆਰੰਭ ਹੋਇਆ। ਇਸ ਸਮੇਂ "ਕਲਾ ਕੇਂਦਰ"ਦੇ ਅਹਿਮ ਤੇ ਸੂਝਵਾਨ ਕਲਾਕਾਰ ਸੁਰਿੰਦਰ ਸਿੰਘ ਬੈਂਸ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ ਨੂੰ ਸਮਰਪਤ ਗੀਤ ਗਾਇਆ ਜੋ ਬਹੁਤ ਹੀ ਪ੍ਰਭਾਵਸ਼ਾਲੀ ਸੀ । ਇਸ ਤੋਂ ਪਿਛੋਂ ਸਾਥੀ ਅਜੀਤ ਸਿੰਘ ਅਣਖੀ ਨੇ ਭਾਵੁਕ ਸਪੀਚ ਰਾਹੀਂ ਦਸਿਆ ਕਿ ਧਰਮ ਤੇ ਸਿਆਸਤ ਵੱਖੋ ਵੱਖ ਹਨ ਤੇ ਕੋਈ ਮੇਲ ਨਹੀਂ ਅਤੇ ਇਨ੍ਹਾਂ ਅੱਤਵਾਦੀ ਵੱਖਵਾਦੀ ਅਨਸਰਾਂ ਨੇ ਪੰਜਾਬ ਦੇ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕਰਕੇ ਆਪਣੇ ਸੁਆਰਥਾਂ ਨੂੰ ਪਾਲਣ ਲਈ ਹਿੰਸਕ ਕਾਰਵਾਈਆਂ ਕੀਤੀਆਂ ਹਨ ਤੇ ਕਰ ਰਹੇ ਹਨ ।

ਅੱਗੇ ਜਾਕੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਸਕੱਤਰ ਸਾਥੀ ਮਹਿੰਦਰ ਸਿੰਘ ਸੂਮਲ ਨੇ ਅੱਤਵਾਦ,ਵੱਖਵਾਦ ਦਾ ਪਰਦਾ ਫਾਸ਼ ਕਰਦੇ ਹੋਏ ਬਹੁਤ ਹੀ ਵਧੀਆ ਕਵਿਤਾ "ਸਾਲ 84 ਦਾ"ਪੜ੍ਹੀ—

ਤੇ ਰੋਲ ਘਚੋਲੇ ਵਿਚ
ਇਸ ਮਿਟੀ ਵਤਨੀ ਨੂੰ ਠੇਕੇ ਤੇ ਵੇਚੀ ਗਏ

---------------------------

ਤੇ ਸ਼ਬਦ ਭਰੱਪਣ ਦੇ ਜਿਨ੍ਹ ਤਿੱਖੇ ਨੇਤਰ ਨੂੰ
ਹੈ ਅੰਨ੍ਹਾ ਕਰ ਦਿਤਾ
ਤੇ ਖ਼ੂਨ ਬਹਾਉਂਦੇ ਰਹੇ

ਫਿਰ ਪੁਰਾਣੇ ਸਾਥੀ ਜਰਨੈਲ ਸਿੰਘ ਭੁੰਗਰਨੀ ਹੋਰਾਂ ਨੇ ਵਿਸਥਾਰ ਨਾਲਜਾਣਕਾਰੀ ਭਰਪੂਰ ਸਪੀਚ ਕੀਤੀ ਜਿਸ ਵਿਚ "ਕੌਮ ਕੀ ਹੈ"ਦੀ ਵਿਆਖਿਆ ਕਰਕੇ ਇਤਿਹਾਸਕ ਪ੍ਰਸੰਗ ਵਿਚ ਦਸਿਆ ਕਿ ਕਿਵੇਂ ਇਤਿਹਾਸ ਅੱਗੇ ਤੁਰਦਾ ਹੈ। ਧਰਮ ਦੇ ਆਧਾਰ ਤੇ "ਕੌਮ"ਦੀ ਗਲਤ ਤੇ ਪਾਖੰਡੀ ਵਿਆਖਿਆ ਨੂੰ ਨੰਗਿਆਂ ਕੀਤਾ । ਕੈਨੇਡਾ ਦੇ ਖਾਲਿਸਤਾਨੀਆਂ ਅਤੇ ਬਦੇਸ਼ਾਂ ਤੇ ਅਮਰੀਕਾ ਨਾਲ ਖਾਸ ਕਰ ਕਈ ਕਿਸਮ ਦੇ ਸੰਬੰਧਾਂ ਨੂੰ ਨੰਗਿਆਂ ਕੀਤਾ । ਅਮਰੀਕਾ ਦੀਆਂ ਚਾਲਾਂ ਬਾਰੇ ਚਾਨਣਾ ਪਾਉਂਦੇ ਹੋਏ ਇਸ ਦੀਆਂ ਘਿਨਾਉਣੀਆਂ ਸਾਜ਼ਸ਼ਾਂ ਬਾਰੇ ਦਸਿਆ ।

ਇਸ ਪਿਛੋਂ ਸੁਰਜੀਤ ਕੌਰ ਬੈਂਸ ਹੋਰਾਂ ਨੇ ਪ੍ਰਭਾਵਸ਼ਾਲੀ ਗੀਤ ਗਾਇਆ ।

ਸਾਥੀ ਗੁਰਨਾਮ ਸਿੰਘ ਸੰਘੇੜਾ ਹੋਰਾਂ ਨੇ ਅਮਨ ਅਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਅਤੇ ਹੱਕੀ ਜੰਗਾਂ ਬਾਰੇ ਵਿਸਥਾਰ ਕਰਦੇ ਹੋਏ ਬਹੁਤ ਹੀ ਅਸਰਦਾਇਕ ਸਪੀਚ ਰਾਹੀਂ ਬਿਆਨ ਕੀਤਾ ਕਿ ਅਮਨ ਕਾਇਮ ਰੱਖਣ ਲਈ ਅਮਰੀਕੀ ਸਾਮਰਾਜ ਦੀਆਂ ਉਲਟ-ਇਨਕਲਾਬੀ ਹਰਕਤਾਂ,ਆਜ਼ਾਦ ਹੋਏ ਦੇਸ਼ਾਂ ਨੂੰ ਅਸਥਿਰ ਕਰਨ ਤੇ ਨਿਕਾਰਾਗੂਆ ਆਦਿ ਵਿਰੁਧ ਲੋਕ ਵਿਰੋਧੀ ਚਾਲਾਂ ਦੇ ਪਰਖਚੇ ਉਡਾਉਂਦੇ ਹੋਏ ਨੰਗਿਆਂ ਕੀਤਾ। ਅਮਨ ਕਾਇਮ ਰੱਖਣ ਲਈ ਅਮਰੀਕੀ ਸਾਮਰਾਜ ਨੂੰ ਪਿਛਾੜਨਾ ਜ਼ਰੂਰੀ ਹੈ ਅਤੇ ਅੱਜ ਮਨੁੱਖਤਾ ਦੀ ਹੋਂਦ ਨੂੰ ਅਮਰੀਕੀ ਸਾਮਰਾਜ ਤੋਂ ਖਤਰਾ ਹੈ। ਕੈਨੇਡਾ ਅਮਰੀਕਾ ਦੀ "ਫਰੀ ਟਰੇਡ"ਦੀ ਗੱਲ ਕੈਨੇਡਾ ਦੀ ਪ੍ਰਭੁਸੱਤਾ ਲਈ ਖਤਰਾ ਦਸਦੇ ਹੋਏ ਕੈਨੇਡਾ ਦੀ ਪਾਰਲੀਮੈਂਟ ਵਲੋਂ "ਦੁਆਈਆਂ ਦੀ ਨਕਲ ਬਣਾਉਣ ਦੀ ਪਾਬੰਦੀ"ਨਾਲ ਕੀਮਤ ਵਾਧੇ ਅਤੇ ਬੀ.ਸੀ. ਦੀ ਸਰਕਾਰ ਵਲੋਂ ਲੋਕ ਵਿਰੋਧੀ ਬੱਜਟ ਦੀ ਕਰੜੀ ਆਲੋਚਨਾ ਕਰਦੇ ਹੋਏ,ਉਨ੍ਹਾਂ ਦੇ ਮਾਰੂ ਅਸਰਾਂ ਦਾ ਵਿਸਥਾਰ ਦਸਿਆ। ਉਨ੍ਹਾਂ ਦਸਿਆ ਕਿ ਸ਼ਹੀਦੇ-ਏ—ਆਜ਼ਮ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ ਤੇ ਹੋਰ ਸੈਂਕੜੇ ਭਾਰਤੀ ਸ਼ਹੀਦਾਂ ਦੀ ਕੁਰਬਾਨੀ ਨੂੰ ਭਾਰਤੀ ਏਕਤਾ,ਅਖੰਡਤਾ ਤੇ ਭਰਾਤਰੀ ਸਦ ਭਾਵਨਾ ਦਾ ਚਿੰਨ੍ਹ ਆਖਿਆ ਜਿਸਦੀ ਅੱਜ ਵੀ ਬਹੁਤ ਲੋੜ ਹੈ। ਪੰਜਾਬ ਵਿਚ ਅੱਤਵਾਦ ਵੱਖਵਾਦ ਨੂੰ ਸਾਂਝੀ ਮੁਹਿਮ ਰਾਹੀਂ ਨਿਖੇੜਨ ਦਾ ਸਫਲ ਰਾਹ ਮਾਰਕਸੀ ਪਾਰਟੀ ਦੇ ਹੂਰ ਪਾਰਟੀਆਂ ਨੇ ਅਪਣਾਇਆ ਹੈ। ਅੱਜ ਪੰਜਾਬ ਵਿਚ ਹੋ ਰਹੇ ਨਿਰਦੋਸ਼ਿਆਂ ਦੇ ਕਤਲ ਤੇ ਗੁੰਡਾ ਗਰਦੀ ਦੀ ਜ਼ਿੰਮੇਵਾਰੀ ਵੱਖਵਾਦੀਆਂ ਅੱਤਵਾਦੀਆਂ ਸਿਰ ਹੈ ਭਾਵੇਂ ਕਿ ਭਾਰਤ ਦਾ ਕਲਿਆਣ ਤਾਂ ਕਾਂਗਰਸ ਨੂੰ ਗੱਦੀ ਤੋਂ ਲਾਹ ਕੇ ਮਜ਼ਦੂਰ ਦੀ ਅਗਵਾਈ ਵਿਚ ਕਿਸਾਨੀ ਦੀ ਭਾਈਵਾਲੀ ਨਾਲ ਬਣੀ ਹਕੂਮਤ ਨਾਲ ਹੀ ਹੋਵੇਗਾ ।

ਇਸ ਪਿਛੋਂ ਗੁਰਦੇਵ ਸਿੰਘ ਪੂਨੀ ਨੇ ਪ੍ਰਭਾਵਸ਼ਾਲੀ ਕਵਿਤਾ ਪੜ੍ਹੀ। ਇਥੇ ਦੇ ਪ੍ਰਸਿੱਧ ਆਲਡਰਮੈਨ ਗੁਰਬਖਸ਼ ਸਿੰਘ ਸੈਣੀ ਨੇ ਬੜੇ ਅਸਰਦਾਇਕ ਢੰਗ ਨਾਲ ਦਸਿਆ ਕਿ ਵੱਖਵਾਦੀਆਂ ਨੇ ਭਾਈ ਨੂੰ ਭਾਈ ਨਾਲੋਂ ਵੰਡਿਆ ਤੇ ਸਾਡੀਆਂ ਪਰੰਪਰਾਵਾਂ ਦਾ ਕਤਲ ਕਰਨ ਦੇ ਯਤਨ ਕੀਤੇ ਹਨ । ਉਨ੍ਹਾਂ ਪੰਜਾਬੀ ਇਤਿਹਾਸ ਦਸਕੇ ਲੋਕਾਂ ਨੂੰ ਕਾਇਲ ਕੀਤਾ ਕਿ ਧਰਮ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ ਤੇ ਇਨ੍ਹਾਂ ਦਾ ਮਿਲਗੋਭਾ ਕਰਨਾ ਲੋਕਾਂ ਲਈ ਘਾਤਕ ਹੈ ।

ਸ੍ਰੀ ਰਾਜਿੰਦਰ ਸਿੰਘ ਪਰਮਾਰ ਜੋ ਪਿਛਲੇ ਪੰਦਰਾਂ ਸਾਲਾਂ ਤੋਂ ਵਿਲੀਅਮਜ਼ ਲੇਕ ਵਿਚ ਰੇਡੀਓ ਪਰੋਗਰਾਮ ਅਤੇ ਚਾਰ ਸਾਲ ਤੋਂ ਟੈਲੀਵੀਜ਼ਨ ਪਰੋਗਰਾਮ ਚਲਾਉਂਦੇ ਹਨ ਨੇ ਸਟੇਜ ਤੋਂ ਬਹੁਤ ਪ੍ਰਭਾਵਸ਼ਾਲੀ ਤਕਰੀਰ ਕੀਤੀ ਜਿਸ ਵਿਚ ਉਨ੍ਹਾਂ ਆਖਿਆ

ਬਾਕੀ ਪੰਨਾ੫ ਤੇ

Makanji
JEWELLERS LTD.

I.S.M.M.

Largest 22Kt Gold Jewellery
Manufacturers and Retailers
In North America
Vancouver ■ Tornoto

Custom Made 22 Kt Gold Jewellery
6644 Main St., Vancouver, B.C. V5X 3H3
(604) 324-7646
Tornoto (416) 469-0505
Free 1-800-663-MASA (B.C. & Alberta)
Vancouver Gold Line (604) 324-6696
1448 Gerrard St., East, Toronto, Ontario, CANADA M4L 1Z8

# ਉੱਘੇ ਅੱਤਵਾਦੀ 3 ਵਾਰ ਰਾਸ਼ਟਰਪਤੀ ਕੋਲ ਠਹਿਰੇ

## ਜ਼ੈਲ ਸਿੰਘ ਵਿਰੁੱਧ ਦੋਸ਼ਾਂ ਦਾ ਕੱਚਾ ਚਿੱਠਾ ਪੇਸ਼

ਨਵੀਂ ਦਿੱਲੀ —— (ਵਿਸ਼ੇਸ਼) ਭਾਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਆਪਣੀ ਖਾਹਸ਼ ਅਨੁਸਾਰ ਇਸ ਹਫਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਮਿਲ ਕੇ ਦੋਵਾਂ ਲੀਡਰਾਂ ਦੇ ਵਕਾਰ ਨੂੰ ਬਚਾਉਣ ਲਈ ਅਤੇ ਅਗਲੇ ਭੇਤ ਖੁਲ੍ਹਣ ਤੋਂ ਬਚਾਉਣ ਲਈ ਕੋਈ ਹੱਲ ਕੱਢਣ ਦਾ ਯਤਨ ਕਰਨਗੇ ਪਰ ਦੂਸਰੇ ਪਾਸੇ ਰਾਜੀਵ ਦੇ ਹਾਮੀਆਂ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਰੁੱਧ ਉਹ ਸਾਰਾ ਕੱਚਾ ਚਿੱਠਾ ਪ੍ਰਕਾਸ਼ਤ ਕਰ ਦਿੱਤਾ ਹੈ, ਜਿਸਨੇ ਦੇਸ਼ ਵਿਚ ਇਕ ਨਵੀਂ ਬਹਿਸ ਛੇੜ ਦਿੱਤੀ ਹੈ। ਇਸ ਕੱਚੇ ਚਿੱਠੇ ਦੇ ਆਧਾਰ ਉੱਤੇ ਰਾਸ਼ਟਰਪਤੀ ਵਿਰੁਧ ਮਹਾਂ ਦੋਸ਼ ਪੇਸ਼ ਕਰਕੇ ਪਾਰਲੀਮੈਂਟ ਦੇ ਦੋ ਤਿਹਾਈ ਬਹੁਮਤ ਨਾਲ ਰਾਸ਼ਟਰਪਤੀ ਨੂੰ ਉਹਨਾਂ ਦੇ ਅਹੁਦੇ ਤੋਂ ਹਟਾਉਣ ਦਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ।

ਕੱਚੇ ਚਿੱਠੇ ਦੇ ਕੁਝ ਅਹਿਮ ਸਵਾਲ ਹਨ :—1. ਗਿ: ਜ਼ੈਲ ਸਿੰਘ ਹੁਰਾਂ ਦੇ ਰਾਸ਼ਟਰਪਤੀ ਭਵਨ ਵਿਚ ਆਉਣ ਪਿਛੋਂ ਤਿੰਨ ਵਾਰ ਅੱਤਵਾਦੀਆਂ ਤੇ ਉਹਨਾ ਨੂੰ ਪ੍ਰੇਰਣਾ ਦੇਣ ਵਾਲਿਆਂ ਨੂੰ ਸ਼ਰਨ ਦੇਣ ਲਈ ਰਾਸ਼ਟਰਪਤੀ ਭਵਨ ਦੀ ਵਰਤੋਂ ਕੀਤੀ ਗਈ ਅਤੇ ਉਹਨਾਂ ਦੇ ਸਟਾਫ ਦੇ ਇਕ ਮੈਂਬਰ ਨੇ ਹਰਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਨਾਲ ਸੰਬੰਧਤ ਦਸਤਾਵੇਜ਼ਾਂ ਦੇ ਭੇਤਾਂ ਨੂੰ ਖੋਲ੍ਹਿਆ।

2. ਰਾਸ਼ਟਰਪਤੀ ਭਵਨ ਦਾ ਇਕ ਵਿਅਕਤੀ ਜੋ 'ਪੀ.ਆਰ.ਮੈਨ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਕਿਸੇ ਸਮੇਂ ਅੰਮ੍ਰਿਤਸਰ ਗਿਆ ਅਤੇ ਉਸਨੇ ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਨਾਲ ਸੰਬੰਧਤ ਦਸਤਾਵੇਜ਼ਾਂ ਬਾਰੇ ਇਕਸ਼ਾਫ ਕੀਤਾ। ਇਹ ਆਦਮੀ ਕੌਣ ਹੈ? ਉਸ ਨੂੰ ਅਜਿਹਾ ਕਰਨ ਦਾ ਅਧਿਕਾਰ ਕੀ ਰਾਸ਼ਟਰਪਤੀ ਨੇ ਦਿੱਤਾ ਸੀ?

3. ਕੀ ਅਮਰੀਕਾ ਵਾਲਾ ਦੀਦਾਰ ਸਿੰਘ ਬੈਂਸ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਿੱਖਾਂ ਨੂੰ ਆਪਣੀ ਕਿਸਮਤ ਦਾ ਫੈਸਲਾ ਆਪ ਕਰਨ ਦੀ ਸ਼ਿਖ਼ਸ਼ਾ ਦੇਣ ਵਾਲੇ ਬੋਰਡ ਆਫ ਡਾਇ-ਰੈਕਟਰਜ਼ ਦਾ ਚੇਅਰਮੈਨ ਹੈ, ਕਦੇ ਰਾਸ਼ਟਰਪਤੀ ਭਵਨ ਵਿਚ ਆ ਕੇ ਠਹਿਰਿਆ ਸੀ? ਜੇ ਠਹਿਰਿਆ ਸੀ ਤਾਂ ਉਸਦੀ ਰਾਸ਼ਟਰਪਤੀ ਨਾਲ ਕੀ ਗੱਲਬਾਤ ਹੋਈ ਸੀ। ਉਸਨੂੰ ਇਥੇ ਆਉਣ ਦੀ ਆਗਿਆ ਕਿਸ ਨੇ ਦਿੱਤੀ? ਕੀ ਇਹ ਵੀ ਦਰੁਸਤ ਹੈ ਕਿ ਦੀਦਾਰ ਸਿੰਘ ਬੈਂਸ ਦੇ ਨਾਲ ਹਰਭਜਨ ਸਿੰਘ ਜੋਗੀ ਵੀ ਸੀ। ਇਹਨਾਂ ਲੋਕਾਂ ਦੇ ਗੰਗਾ ਸਿੰਘ ਢਿਲੋਂ ਅਤੇ ਡਾਕਟਰ ਨਾਲ ਸੰਬੰਧਾਂ ਬਾਰੇ, ਕੀ ਰਾਸ਼ਟਰਪਤੀ ਨੂੰ ਪਤਾ ਸੀ?

4. ਕੀ ਇਹ ਠੀਕ ਹੈ ਕਿ ਇਹ ਲੋਕ 1983 ਵਿਚ ਰਾਸ਼ਟਰਪਤੀ ਭਵਨ ਵਿਚ ਠਹਿਰੇ ਸਨ? ਕੀ ਕਦੇ ਬਾਅਦ ਵਿਚ ਵੀ ਆਏ ਸਨ?

5. ਕੀ ਰਾਸ਼ਟਰਪਤੀ ਨੂੰ ਇਨੇ ਜ਼ਿੰਮੇਵਾਰ ਅਹੁਦੇ ਉੱਤੇ ਹੁੰਦੇ ਹੋਏ ਇਹ ਪਤਾ ਨਹੀਂ ਸੀ ਕਿ ਇਹ ਸਾਰੇ ਸੰਬੰਧਤ ਵਿਅਕਤੀ ਬਦੇਸ਼ਾਂ ਵਿਚੋਂ ਖਾਲਿਸਤਾਨ ਦਾ ਬੀਜ, ਭਾਰਤ ਵਿਚ ਲਿਆਉਣ ਵਾਲੇ ਹਨ?

6. ਜਦੋਂ ਹਰਿਮੰਦਰ ਸਾਹਿਬ ਉੱਤੇ ਫੌਜੀ ਕਾਰਵਾਈ ਤੋਂ ਬਾਅਦ ਤੁਹਾਨੂੰ (ਗਿ: ਜ਼ੈਲ ਸਿੰਘ) ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਤਾਂ ਤੁਸੀਂ ਦਰਬਾਰ ਸਾਹਿਬ ਗਏ ਅਤੇ ਲੋਕਾਂ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਇਨੇ ਪੁਲਸ ਪ੍ਰਬੰਧਾਂ ਦੇ ਬਾਵਜੂਦ ਹਰਿਮੰਦਰ ਸਾਹਿਬ ਵਿਚ ਹਥਿਆਰ ਕਿਵੇਂ ਆਏ? ਤੁਹਾਡੀ ਇਸ ਫੇਰੀ ਤੋਂ ਬਾਅਦ ਸਿੰਘ ਸਾਹਿਬਾਨ ਨੇ ਤੁਹਾਨੂੰ ਮੁਆਫ ਕਰ ਦਿੱਤਾ ਪਰ ਬੂਟਾ ਸਿੰਘ ਅਜੇ ਵੀ ਤਨਖਾਹੀਆ ਹੈ। ਕੀ ਤੁਸੀਂ ਸਰਕਾਰ ਵਲੋਂ ਨੀਲਾ ਤਾਰਾ ਅਪ੍ਰੇਸ਼ਨ ਦੀ ਵਿਰੋਧਤਾ ਕੀਤੀ ਤੇ ਮੁਆਫੀ ਮੰਗੀ?

ਇਸ ਕੱਚੇ ਚਿੱਠੇ ਦਾ ਸਾਰਾ ਰਿਕਾਰਡ ਪਾਰਲੀਮੈਂਟ ਵਿਚ ਪਿਆ ਹੈ। ਜੋ ਕਿ ਕੇ.ਕੇ. ਤਿਵਾੜੀ ਨੇ ਤਿਆਰ ਕੀਤਾ।

ਜ਼ਿੰਮੇਵਾਰ ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਿਚਾਲੇ ਆਪਸੀ ਤਲਖ ਵਿਰੋਧਾਂ ਦੇ ਵਾਦ ਵਿਵਾਦ ਨੇ ਦੇਸ਼ ਨੂੰ ਇਕ ਗੰਭੀਰ ਸੰਵਿਧਾਨਕ ਸੰਕਟ ਦੀ ਦੰਦੀ ਉੱਤੇ ਲਿਆ ਖੜ੍ਹਾ ਕੀਤਾ ਹੈ। ਜਿਸ ਤੋਂ ਹਰ ਜਮਹੂਰੀਅਤ ਪਸੰਦ ਨੂੰ ਚਿੰਤਾ ਹੋਈ ਹੈ।

### ਸਿਆਸੀ ਹਲਕੇ

ਜੇਕਰ ਰਾਸ਼ਟਰਪਤੀ ਵਿਰੁੱਧ ਇਹਨਾਂ ਦੋਸ਼ਾਂ ਨੂੰ ਉਛਾਲਿਆ ਗਿਆ, ਤਾਂ ਹੋ ਸਕਦਾ ਹੈ ਰਾਸ਼ਟਰਪਤੀ ਵੀ ਕੋਈ ਕਾਂਡ ਖੋਲ੍ਹ ਦੇਣ। ਹੁਕਮਰਾਨ ਪਾਰਟੀ ਨੂੰ ਇਹ ਮਾਣ ਹੈ ਕਿ ਲੋਕ ਸਭਾ ਦੇ 521 ਮੈਂਬਰਾਂ ਵਿਚੋਂ 410 ਕਾਂਗਰਸ ਦੇ ਹਨ। ਰਾਜ ਸਭਾ ਦੇ 214 ਵਿਚੋਂ 150 ਕਾਂਗਰਸ ਦੇ ਹਨ। ਇਵੇਂ ਸਰਕਾਰ ਦਾ, ਮੈਂਬਰਾਂ ਦੇ ਦੋ ਤਿਹਾਈ ਨੂੰ ਰਾਸ਼ਟਰਪਤੀ ਵਿਰੁੱਧ ਤਿਆਰ ਕਰ ਲੈਣਾ ਮੁਸ਼ਕਲ ਨਹੀਂ। ਰਾਜਧਾਨੀ ਦੇ ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਸ੍ਰੀ ਨਰਸਿਮਹਾ ਰਾਓ, ਦੋਵਾਂ ਨੇਤਾਵਾਂ ਵਿਚਾਲੇ ਸੁਲਾਹ ਕਰਾਉਣ ਦੇ ਯਤਨ ਕਰ ਰਹੇ ਹਨ।

### ਰਾਸ਼ਟਰਪਤੀ ਨੂੰ ਗੁੱਸਾ

ਗਿਆਨੀ ਜੀ ਨੇ ਇੰਦਰਾ ਕਾਂਗਰਸ ਦੇ ਮੈਂਬਰਾਂ ਵਲੋਂ ਉਛਾਲੇ ਜਾ ਰਹੇ ਵਾਦ-ਵਿਵਾਦ ਉੱਤੇ ਸਖਤ ਗੁੱਸੇ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਹੈ ਕਿ ਉਹਨਾਂ ਦੇ ਅਹੁਦੇ ਦੀ ਮਿਆਦ ਖਤਮ ਹੋ ਰਹੀ ਹੈ ਪਰ ਉਹਨਾਂ ਨੂੰ ਇਹ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ ਕਿ ਉਹ ਰਾਸ਼ਟਰਪਤੀ ਦੀ ਚੋਣ, ਆਪੋਜ਼ੀਸ਼ਨ ਨਾਲ ਮਿਲ ਕੇ ਦੁਬਾਰਾ ਲੜਨਾ ਚਾਹੁੰਦੇ ਹਨ। ਗਿਆਨੀ ਜੀ ਨੇ ਕਿਹਾ - ਦੁਬਾਰਾ ਚੋਣ ਲੜਨ ਦਾ, ਉਹਨਾਂ ਦਾ ਕੋਈ ਵਿਚਾਰ ਨਹੀਂ ਹੈ।

### ਆਪੋਜ਼ੀਸ਼ਨ ਦੀ ਮੰਗ

ਕੁਝ ਆਪੋਜ਼ੀਸ਼ਨ ਨੇਤਾਵਾਂ ਨੇ ਪਾਰਲੀਮੈਂਟ ਵਿਚ ਇਸ ਮਸਲੇ ਉੱਤੇ ਬਹਿਸ ਨਾ ਕਰਾ ਸਕਣ ਤੋਂ ਬਾਅਦ, ਪ੍ਰਧਾਨ ਮੰਤਰੀ ਉੱਤੇ ਦੋਸ਼ ਲਾਇਆ ਕਿ ਉਹ ਖੁਦ ਰਾਸ਼ਟਰਪਤੀ ਨੂੰ ਰਾਜਨੀਤੀ ਵਿਚ ਘਸੀਟ ਰਹੇ ਹਨ। ਰਾਸ਼ਟਰਪਤੀ ਦੇ ਅਹੁਦੇ ਨੂੰ ਉਹਨਾਂ ਬਦਨਾਮ ਕੀਤਾ ਹੈ, ਇਸ ਲਈ ਉਹ ਪ੍ਰਧਾਨ ਮੰਤਰੀ ਪੱਦ ਤੋਂ ਅਸਤੀਫਾ ਦੇਣ। ਇਹਨਾਂ ਮੈਂਬਰਾਂ ਦੇ ਨਾਂ ਹਨ ਲੋਕ ਦਲ ਨੇਤਾ ਸ੍ਰੀ ਬਹੁਗੁਣਾ, ਜਨਤਾ ਪਾਰਟੀ ਦੇ ਯਸ਼ਵੰਤ ਸਿੰਘ, ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਐਡਵਾਨੀ ਆਦਿ।

## ਹੁਸ਼ਿਆਰਪੁਰ-ਜਲੰਧਰ ਵਿਚਾਲੇ ਗੱਡੀਆਂ ਦੀ ਆਵਾਜਾਈ ਰੁਕੀ ਰਹੀ

ਫਗਵਾੜਾ —— 22 ਮਾਰਚ ਨੂੰ ਹੁਸ਼ਿਆਰਪੁਰ-ਜਲੰਧਰ ਵਿਚਾਲੇ ਰੇਲ ਟਰੈਫਿਕ ਸਵੇਰੇ 8-40 ਤੋਂ 4-40 ਸ਼ਾਮ ਤੱਕ ਬੰਦ ਰਿਹਾ। ਰੇਲਵੇ ਅਧਿਕਾਰੀਆਂ ਅਨੁਸਾਰ ਇਸ ਸੈਕਸ਼ਨ ਉੱਤੇ ਇਕ ਰੇਲਵੇ ਪੁਲ ਦੀ ਮੁਰੰਮਤ ਹੋ ਰਹੀ ਸੀ। ਪਰ ਪੱਤਰਕਾਰ ਹਲਕਿਆਂ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਹੋ ਸਕਦਾ ਹੈ ਕਿ ਇਸ ਪੁਲ ਨੂੰ ਦਹਿਸ਼ਤਪਸੰਦਾਂ ਨੇ ਨੁਕਸਾਨ ਪੁਚਾਇਆ ਹੋਵੇ ਅਤੇ ਪਤਾ ਲਗ ਜਾਣ ਤੇ ਗੱਡੀਆਂ ਰੋਕ ਦਿੱਤੀਆਂ ਗਈਆਂ ਹੋਣ।


**Sidhu Sweet & Snack Shop**

9371- 120 St. Delta, B.C.

**Ph. 588-5512**

ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ

ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512


'ਕੈਨੇਡਾ ਦਰਪਣ'ਦਾ

**ਵਿਸ਼ੇਸ਼ ਸੰਸਾਰ ਅਮਨ ਅੰਕ**

**ਵਿਸਾਖੀ ਦੇ ਮੌਕੇ ਉਤੇ ਪ੍ਰਕਾਸ਼ਤ ਹੋਵੇਗਾ**

ਲੇਖਕ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ, ਕਵਿਤਾਵਾਂ ਤੇ ਜ਼ਰੂਰੀ ਸਮੱਗਰੀ 6 ਅਪਰੈਲ ਤੱਕ ਪੁੱਜਦੀ ਕਰਨ ਦੀ ਕ੍ਰਿਪਾਲਤਾ ਕਰਨ।

..ਤੀ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਵਿਸ਼ੇਸ਼ ਅੰਕ ਲਈ ਆਪਣੇ ਪੰਨੇ ਹੁਣੇ ਹੀ ਰੀਜ਼ਰਵ ਕਰਵਾ ਲੈਣ।

ਹੋਰ ਜਾਣਕਾਰੀ ਲਈ ਫੋਨ ਕਰੋ

581-4473


DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**

*PLUMBING & ELECTRICAL SUPPLY*



4774 Main Street, (At 32nd.)

Vancouver, B.C.

PH: 872-3118 (Supply)

872-7227 (Service)

"Free customer parking at rear" OPEN SUNDAYS



**Non-smokers pay less** for insurance.



Mohindar Singh Gill

MOHINDAR SINGH GILL

B. Comm., M.B.A.,C.G.A.

Life Underwriter

Ph. Off. 430-0455

Ph. Res. 433-1684

Suite 1206,

4330 Kingsway,

..rnaby, B.C.

SunLife OF CANADA

Get your life in shape.

# 'ਕੈਨੇਡਾ ਦਰਪਣ' ਫੋਨ (604) 581-4473

TOGETHER WE ARE STRONGER

NORTH AMERICAN LIFE



Rupinder S. Azad

**Ph. (604) 853-0134**

Looking for

## The Right Kind of Life Insurance?

**YES!**

**Choice is Yours :**

Traditional VS Universal [Smokers & Non Smokers]

For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੇਂਸ ਪਾਲਸੀ ਲਉ। ਕੇਵਲ ਤਿੰਨ, ਚਾਰ ਜਾਂ ਪੰਜ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ

**Toll Free Line (in B.C.)**
**1—800—242—8044**

ਹੋਰ ਜਾਣਕਾਰੀ ਲਈ ਫੋਨ ਕਰੋ :

**Contact:**

**Rupinder S. Azad**

**AZAD INSURANCE AGENCIES**

#1 - 2619 - Cedar Park Pl. Clearbrook, B.C.

---

## ਸਰੀ ਅਤੇ ਡੈਲਟਾ ਨਿਵਾਸੀਆਂ ਲਈ ਖੁਸ਼ਖਬਰੀ

ਆਪ ਸਾਰਿਆਂ ਦੀ ਸਹੂਲੀਅਤ ਵਾਸਤੇ ਅਸੀਂ ਆਪਣੀ ਨਵੀਂ ਬਰਾਂਚ ਪੰਜਾਬੀ ਮਾਰਕੀਟ ਵਿਚ Scott road and 93 Ave ਤੇ ਖੋਲ੍ਹ ਦਿਤੀ ਹੈ।

ਜਦੋਂ ਕਿ ਇਨਕਮ ਟੈਕਸ ਸਬੰਧੀ ਕਾਨੂੰਨ ਅਤੇ ਨਿਯਮ ਕਾਫੀ ਗੁੰਝਲਦਾਰ ਹਨ,ਪਰ ਜੋ ਕੰਮ ਇਹ ਕਰਦੇ ਹਨ,ਉਹ ਇਸ ਸਬੰਧੀ ਹੁੰਦੀਆਂ ਤਬਦੀਲੀਆਂ ਤੋਂ ਵੀ ਵਾਕ੍ਹਫ ਹੁੰਦੇ ਹਨ। ਇਸ ਸਾਲ ਜੋ ਟੈਕਸ ਕਾਨੂੰਨ ਨਿਕਲੇ ਹਨ ਜਿਨ੍ਹਾਂ ਬਾਰੇ ਸਲਾਹ ਮਸ਼ਵਰਾ ਲਉ।

